# ਸੋਚਾਂ ਦੇ ਅੱਖਰ



ਤਕਦੀਰ ਕੌਰ
ਅਮਨਦੀਪ ਕੌਰ

www.punjabilibrary.com

# ਸੋਚਾਂ ਦੇ ਅੱਖਰ


## ਅਮਨਦੀਪ ਕੌਰ , ਤਕਦੀਰ ਕੌਰ , ਅਮਨਦੀਪ ਕੌਰ

**ਇੰਸਟਾਗ੍ਰਾਮ : taqdir_kaur_bajwa & aman.jsl**

**taqdirkaur75@gmail.com & akjdeep07@gmail.com**
**& deepamankk007@gmail.com**



**Published on: 10 October 2024**



**@Amandeep kaur ,Taqdeer Kaur, Amandeep Kaur**
**All rights reserved**



**www.punjabilibrary.com**

# ਲਘੂ ਕਹਾਣੀਆਂ

1.ਮਲਾਹਾਂ ਦੀ ਬਸਤੀ (ਅਮਨਦੀਪ ਕੌਰ ਜੱਸਲ )

2.ਕਰਮਾਂ ਦਾ ਫਲ (ਅਮਨਦੀਪ ਕੌਰ ਜੱਸਲ )

3.ਓਹ ਟਾਹਲੀ (ਅਮਨਦੀਪ ਕੌਰ ਜੱਸਲ )

4.ਦੂਰ ਦੇ ਢੋਲ ਸੁਹਾਵਣੇ (ਤਕਦੀਰ ਕੌਰ )

5.ਡਿਜੀਟਲ ਸੱਦਾ ਪੱਤਰ (ਤਕਦੀਰ ਕੌਰ )

6.ਜਿਸ ਤਨ ਜਾਣੇ ਓਹੀ ਜਾਣੇ, ਕੌਣ ਜਾਣੇ ਪੀੜ ਪਰਾਈ(ਤਕਦੀਰ ਕੌਰ )

7. ਭੂੰਡਾਂ ਦੀ ਖੱਖਰ (ਤਕਦੀਰ ਕੌਰ )

8.ਚਰਿੱਤਰਹੀਣ (ਅਮਨਦੀਪ ਕੌਰ )

9. ਸਮਾਜ, ਅਣਖ਼ ਤੇ ਇੱਜਤ (ਅਮਨਦੀਪ ਕੌਰ )

10. ਪੱਥਰ ਦਿਲ (ਅਮਨਦੀਪ ਕੌਰ )

# ਮਲਾਹਾਂ ਦੀ ਬਸਤੀ

ਬਹੁਤ ਪੁਰਾਣੇ ਸਮੇਂ ਦੀ ਗੱਲ ਹੈ, ਸਮੁੰਦਰ ਦੇ ਨੇੜੇ ਇੱਕ ਟਾਪੂ ਸੀ ਤੇ ਉਸ ਟਾਪੂ ਤੇ ਇੱਕ ਗਰੀਬ ਲੋਕਾਂ ਦੀ ਬਸਤੀ ਸੀ। ਉਸ ਬਸਤੀ ਵਿੱਚ ਹਰ ਕੋਈ ਗਰੀਬ ਸੀ। ਤੇ ਉਹ ਸਾਰੇ ਹਰ ਦਿਨ ਦੋ ਵਕਤ ਦੇ ਖਾਣੇ ਲਈ ਵੀ ਬਹੁਤ ਮਿਹਨਤ ਕਰਦੇ ਸੀ। ਪਰ ਫੇਰ ਵੀ ਉਹਨਾ ਨੂੰ ਪੇਟ ਭਰ ਖਾਣਾ ਨਸੀਬ ਨਹੀਂ ਸੀ ਹੁੰਦਾ।

ਇੱਕ ਵਾਰ ਤਾਂ ਐਨਾ ਬੁਰਾ ਹਾਲ ਹੋ ਗਿਆ ਕਿ ਨੌਬਤ ਭੁੱਖੇ ਮਰਨ ਤੇ ਆ ਗਈ। ਉਸ ਸਮੇਂ ਉਹਨਾ ਦੀ ਮਦਦ ਕਿਸੇ ਗੁਮਨਾਮ ਮਸੀਹੇ ਨੇ ਕੀਤੀ। ਉਸ ਦੇ ਸੁਝਾਏ ਰਾਹ ਤੇ ਚੱਲ ਕੇ ਸਾਰਿਆਂ ਦਾ ਗੁਜਾਰਾ ਵਧੀਆ ਚੱਲਣ ਲੱਗਾ। ਤੇ ਜਦੋਂ ਵੀ ਕਿਸੇ ਦੀ ਕੋਈ ਸਮੱਸਿਆ ਹੁੰਦੀ ਉਹ ਇੱਕ ਮੰਨਤਾਂ ਵਾਲੇ ਦਰੱਖਤ ਹੇਠਾਂ ਆਪਣੀ ਮੁਸੀਬਤ ਇੱਕ ਪੇਪਰ ਤੇ ਲਿੱਖ ਕੇ ਰੱਖ ਆਉਂਦੇ ਤੇ ਗੁਮਨਾਮ ਮਸੀਹਾ ਉਹਨਾ ਸਭ ਮੁਸੀਬਤਾਂ ਦਾ ਹੱਲ ਉਸ ਪੇਪਰ ਤੇ ਹੀ ਲਿੱਖ ਦਿੰਦਾ ਤੇ ਉਹ ਸਾਰੇ ਉਸ ਅਨੁਸਾਰ ਹੀ ਕੰਮ ਕਰਦੇ।

ਬਦਲੇ ਵਿੱਚ ਉਹ ਉੱਥੇ ਕੁੱਝ ਬਣਦੇ-ਸਰਦੇ ਪੈਸੇ ਰੱਖ ਆਉਂਦੇ। ਪਰ ਕਿਸੇ ਨੇ ਕਦੇ ਉਸਨੂੰ ਵੇਖਣ ਦੀ ਕੋਸ਼ਿਸ਼ ਨੀ ਕੀਤੀ ਸੀ, ਕਿਉਂਕਿ ਉਹਨਾ ਦੇ ਮੁਤਾਬਿਕ ਅਜਿਹਾ ਕਰਨ ਨਾਲ ਮਸੀਹਾ ਰੁੱਸ ਜਾਵੇਗਾ। ਕਿਉਂਕਿ ਉਹਨਾ ਨੂੰ ਇਸ ਬਾਰੇ ਚਿੱਠੀ ਮਿਲੀ ਸੀ ਕਿ ਜੇ ਉਹਨਾ ਨੇ ਅਜਿਹਾ ਕੀਤਾ ਫੇਰ ਉਹਨਾ ਨੂੰ ਦੁਬਾਰਾ ਕਦੇ ਵੀ ਕਿਸੇ ਸਵਾਲ ਦਾ ਕੋਈ ਜਵਾਬ ਨਹੀਂ ਮਿਲੇਗਾ।

ਉਸੇ ਬਸਤੀ ਵਿੱਚ ਇੱਕ ਪਰਿਵਾਰ ਰਹਿੰਦਾ ਸੀ। ਉਸ ਪਰਿਵਾਰ ਵਿੱਚ ਪਤੀ ਪਤਨੀ ਤੇ ਉਹਨਾ ਦੇ ਦੋ ਬੱਚੇ ਸੀ। ਉਸ ਪਰਿਵਾਰ ਦਾ ਜੋ ਮੁੱਖੀ ਬੰਦਾ ਸੀ ਇਕਬਾਲ ਉਹ ਕੋਈ ਕੰਮ ਨਹੀਂ ਕਰਦਾ ਸੀ। ਉਸਦੀ ਪਤਨੀ ਸ਼ੀਰੀਨ ਜੋ ਮਾੜਾ ਮੋਟਾ ਕੁੱਝ ਕਮਾਈ ਕਰ ਲਿਆਉਂਦੀ ਉਸ ਨਾਲ ਹੀ ਉਹਨਾ ਦੇ ਘਰ ਦਾ ਗੁਜਾਰਾ ਚੱਲਦਾ ਸੀ। ਤੇ ਕਦੇ ਉਹਨਾ ਨੂੰ ਬਹੁਤੀ ਕੋਈ ਕਮੀ ਵੀ ਨੀ ਹੋਈ ਤੇ ਉਹ ਹੱਸੀ ਖੁਸ਼ੀ ਆਪਣਾ ਜੀਵਨ ਬਤੀਤ ਕਰ ਰਹੇ ਸੀ।

ਭਾਵੇਂ ਇਕਬਾਲ ਕਦੇ ਕਿਸੇ ਨੂੰ ਮਾੜਾ ਨੀ ਸੀ ਬੋਲਦਾ, ਹਰ ਇੱਕ ਦੀ ਮਦਦ ਕਰਦਾ ਸੀ ਤੇ ਰੱਬ ਦੀ ਇਬਾਦਤ ਵਿੱਚ ਲੱਗਿਆ ਰਹਿੰਦਾ ਸੀ। ਪਰ ਫੇਰ ਵੀ ਬਸਤੀ ਵਾਲੇ ਉਸਨੂੰ ਤਾਹਨਾ ਦੇਣ ਦਾ ਕੋਈ ਮੌਕਾ ਨਹੀਂ ਸੀ ਛੱਡਦੇ, ਕਿ ਇੱਕ ਮਰਦ ਹੋ ਕੇ ਕੋਈ ਕੰਮ ਨਹੀਂ ਕਰਦਾ, ਘਰ ਰਹਿ ਕੇ ਬੱਚੇ ਸੰਭਾਲਦਾ ਏ ਤੇ ਪਤਨੀ ਦੀ ਕਮਾਈ ਖਾਣ ਲੱਗਿਆਂ ਉਹਨੂੰ ਕੋਈ ਸ਼ਰਮ ਨਹੀਂ ਆਉਂਦੀ। ਸਾਰੇ ਹੀ ਉਸਨੂੰ ਵਿਹਲੜ ਕਹਿੰਦੇ ਸੀ। ਪਰ ਅੱਗਿਉਂ ਉਹ ਕੋਈ ਜਵਾਬ ਨਾ ਦਿੰਦੇ ਤੇ ਚੁੱਪਚਾਪ ਆਪਣੇ ਜੀਵਨ ਵਿੱਚ ਵਿਅਸਤ ਰਹਿੰਦੇ।

ਇਕਬਾਲ ਆਪਣੇ ਦਿਨ ਦਾ ਬਹੁਤਾ ਸਮਾਂ ਇੱਕ ਬੇੜੀ ਬਣਾਉਣ ਵਿੱਚ ਬਤੀਤ ਕਰਦਾ ਸੀ। ਉਹ ਉਸ ਬੇੜੀ ਨੂੰ ਕਿੰਨੇ ਹੀ ਸਾਲਾਂ ਤੋਂ ਬਣਾ ਰਿਹਾ ਸੀ। ਵਜ੍ਹਾ ਇਹ ਸੀ ਕਿ ਉਹ ਬੇੜੀ ਇਕਬਾਲ ਦੇ ਪਿਤਾ ਨੇ ਬਣਾਉਣੀ ਸ਼ੁਰੂ ਕੀਤੀ ਸੀ, ਇਸ ਲਈ ਉਹ ਦਿਨ ਦਾ ਕੁੱਝ ਸਮਾਂ ਉਸ ਬੇੜੀ ਨਾਲ ਜਰੂਰ ਬਿਤਾਉਂਦਾ ਸੀ। ਲੋਕ ਵੀ ਸੋਚਦੇ ਸੀ ਕਿ ਉਹ ਸਾਰਾ ਦਿਨ ਜਾਣ ਬੁੱਝ ਕੇ ਉਸ ਬੇੜੀ ਤੇ ਲੱਗਾ ਰਹਿੰਦਾ ਹੈ

ਤਾਂ ਜੋ ਉਸਨੂੰ ਕੰਮ ਨਾ ਕਰਨਾ ਪਵੇ। ਪਰ ਬਸਤੀ ਦੇ ਕਈ ਲੋਕ8 ਉਸਦੇ ਸੁਭਾਅ ਕਰਕੇ ਉਸਨੂੰ ਪਸੰਦ ਵੀ ਕਰਦੇ ਸੀ ਤੇ ਉਸਦੀ ਇੱਜਤ ਵੀ ਕਰਦੇ ਸੀ।

ਬਸਤੀ ਦੇ ਉਹ ਬੰਦੇ ਜੋ ਸਮੁੰਦਰ ਵਿੱਚ ਬੇੜੀਆਂ ਲੈ ਕੇ ਜਾਂਦੇ ਸੀ ਉਹ ਅਕਸਰ ਇਕਬਾਲ ਨੂੰ ਕਹਿੰਦੇ ਕਿ ਉਹ ਉਹਨਾ ਦੇ ਨਾਲ ਚੱਲਿਆ ਕਰੇ, ਵਿਹਲਾ ਰਹਿਣ ਨਾਲ ਕੀ ਹੁੰਦਾ, ਕੋਈ ਪੈਸਾ ਕਮਾ ਹੋਜੂਗਾ ਉਹਨਾ ਨਾਲ ਕੰਮ ਕਰਕੇ। ਪਰ ਇਕਬਾਲ ਸਮੁੰਦਰ ਦੇ ਖਤਰਿਆਂ ਤੋਂ ਦੂਰ ਰਹਿੰਦਾ ਸੀ, ਆਪਣੇ ਪਰਿਵਾਰ ਕਰਕੇ। ਕਿਉਂਕਿ ਉਸ ਦੇ ਪਿਤਾ ਸਮੁੰਦਰ ਦੇ ਤੂਫਾਨ ਵਿੱਚ ਖੋ ਕੇ ਕਦੇ ਵਾਪਿਸ ਨਹੀਂ ਸੀ ਪਰਤੇ।

ਇੱਕ ਦਿਨ ਅਚਾਨਕ ਹੀ ਸਮੁੰਦਰ ਵਿੱਚ ਤੂਫਾਨ ਦਾ ਮੌਸਮ ਬਣ ਆਇਆ। ਇਹ ਕੋਈ ਨਵੀਂ ਗੱਲ ਨਹੀਂ ਸੀ, ਪਰ ਇਸ ਵਾਰ ਸਭ ਨੂੰ ਸੂਚਿਤ ਕਰ ਦਿੱਤਾ ਗਿਆ ਕਿ ਜੇ ਉਹ ਜਾਨ ਬਚਾਉਣਾ ਚਾਹੁੰਦੇ ਨੇ ਤਾਂ ਟਾਪੂ ਨੂੰ ਛੱਡ ਕੇ ਕਿਤੇ ਸੁਰੱਖਿਅਤ ਜਗ੍ਹਾ ਚਲੇ ਜਾਣ। ਇਸ ਸੂਚਨਾ ਤੋਂ ਬਾਅਦ ਸਾਰੇ ਟਾਪੂ ਤੇ ਚਿੰਤਾ ਤੇ ਡਰ ਦਾ ਮਾਹੌਲ ਬਣ ਗਿਆ। ਤੇ ਸਾਰੇ ਆਪਣਾ-ਆਪਣਾ ਸਮਾਨ ਸਮੇਟ ਕੇ ਆਪਣੀਆਂ ਬੇੜੀਆਂ ਵੱਲ ਚੱਲ ਪਏ।

ਇਕਬਾਲ ਵੀ ਆਪਣੀ ਪਤਨੀ ਤੇ ਬੱਚਿਆਂ ਨੂੰ ਨਾਲ ਲੈ ਕੇ ਸਮੁੰਦਰ ਕਿਨਾਰੇ ਚਲਾ ਗਿਆ। ਉੱਥੇ ਕਈ ਲੋਕ ਇਕਬਾਲ ਤੇ ਹੱਸ ਰਹੇ ਸੀ ਕਿ ਵਿਹਲੜ ਦੀ ਬੇੜੀ ਵੀ ਬਣ ਕੇ ਤਿਆਰ ਹੋਗੀ ਅੱਜ। ਕੋਈ ਦੂਜਾ ਬੋਲਿਆ ਕਿ ਇਹ ਤਾਂ ਕਦੋਂ ਦੀ ਬਣੀ ਆ, ਇਹ ਜਾਣ ਬੁੱਝ ਕੇ ਨੀ ਕੰਮ ਕਰਦਾ ਕਿਉਂਕਿ ਵਿਹਲਾ ਬਹਿ ਕੇ ਖਾਣਾ ਕਿਹਨੂੰ ਮਾੜਾ ਲੱਗਦਾ ਏ। ਉੱਥੇ ਖੜੇ ਇੱਕ ਬਜ਼ੁਰਗ ਨੇ ਕਿਹਾ ਕਿ ਐਥੇ ਖੜ੍ਹ ਕੇ

ਸਮਾਂ ਬਰਬਾਦ ਕਰਨ ਨਾਲੋਂ ਚੰਗਾ ਕਿ ਛੇਤੀ ਤੋਂ ਛੇਤੀ ਇੱਥੋਂ ਨਿਕਲਿਆ ਜਾਵੇ, ਕਿਉਂਕਿ ਮੌਸਮ ਵੀ ਖਰਾਬ ਹੋ ਰਿਹਾ ਏ।

ਸਾਰਿਆਂ ਨੇ ਆਪਣਾ ਸਾਮਾਨ ਆਪਣੀਆਂ ਬੇੜੀਆਂ ਵਿੱਚ ਭਰ ਲਿਆ, ਤੇ ਉਹਨਾ ਨੇ ਤੈਅ ਕੀਤਾ ਕਿਸੇ ਵੱਡੇ ਟਾਪੂ ਤੇ ਜਾਣਾ। ਪਰ ਇਕਬਾਲ ਨੇ ਜਿਸ ਟਾਪੂ ਦਾ ਨਾਂ ਸੁਝਾਇਆ ਉਹ ਟਾਪੂ ਕੁੱਝ ਦੂਰ ਸੀ ਤੇ ਨਿੱਕਾ ਜਿਹਾ ਸੀ। ਉਸਦਾ ਦਿੱਤਾ ਹੋਇਆ ਸੁਝਾਅ ਵੀ ਮਖੌਲ ਦੀ ਵਜ੍ਹਾ ਬਣ ਗਿਆ। ਸਾਰੇ ਕਹਿਣ ਲੱਗੇ ਕਿ ਇਹ ਮਰਵਾਏਗਾ ਸਭ ਨੂੰ। ਆਪਣੀ ਕਿਸ਼ਤੀ ਤੇ ਦੋ ਕਿਲਾਂ ਲਾ ਕੇ ਸੌਣ ਤੋਂ ਬਿਨਾਂ ਇਹਨੇ ਕਦੇ ਕੁੱਝ ਕੀਤਾ ਨਹੀਂ, ਇਹਨੂੰ ਕੀ ਪਤਾ ਬਾਹਰਲੀ ਦੁਨੀਆ ਬਾਰੇ। ਤੁਸੀਂ ਸਾਰੇ ਸਾਡੇ ਮਗਰ ਚੱਲੋ, ਸਾਡਾ ਹਰ ਦਿਨ ਦਾ ਇਹੋ ਕੰਮ ਐ ਤੇ ਸਾਨੂੰ ਸਭ ਜਾਣਕਾਰੀ ਆ।

ਇਕਬਾਲ ਦੇ ਬਹੁਤ ਮਨਾਉਣ ਤੇ ਵੀ ਕੋਈ ਨਾ ਮੰਨਿਆ। ਫੇਰ ਇਕਬਾਲ ਨੇ ਮਜਬੂਰ ਹੋ ਕੇ ਇਹ ਵੀ ਦੱਸ ਦਿੱਤਾ ਕਿ ਉਹ ਮਸੀਹਾ ਜਿਸਦੀ ਸਾਰੀ ਗੱਲ ਉਹ ਸਾਰੇ ਬਿਨਾ ਕਿਸੇ ਸ਼ੱਕ ਤੋਂ ਮੰਨਦੇ ਨੇ ਉਹ ਮੈਂ ਹੀ ਹਾਂ। ਇਸ ਵਾਰ ਵੀ ਮੰਨ ਲਵੋ, ਸਭ ਦੀ ਜਾਨ ਬੱਚ ਜਾਵੇਗੀ। ਇਹ ਗੱਲ ਤਾਂ ਜਿਵੇਂ ਬਸਤੀ ਵਾਲਿਆ ਲਈ, ਉਹ ਮਜਾਕ ਸੀ ਜੋ ਉਹਨਾ ਨੇ ਅੱਜ ਤੱਕ ਨਹੀਂ ਸੀ ਸੁਣਿਆ। ਇਸ ਗੱਲ ਤੇ ਸਾਰੇ ਜੋਰ ਜੋਰ ਨਲ ਹੱਸਣ ਲੱਗ ਗਏ ਤੇ ਇਕਬਾਲ ਦਾ ਮਜਾਕ ਉਡਾਉਣ ਲੱਗ ਗਏ।

ਇਕਬਾਲ ਨੇ ਕਿਹਾ ਕਿ ਇਹ ਰੱਬ ਦਾ ਇਸ਼ਾਰਾ ਏ, ਮੈਂ ਸਿਰਫ ਜਰੀਆ ਏ ਤੁਹਾਨੂੰ ਰਾਹ ਦਿਖਾਉਣ ਦਾ। ਹੁਣ ਤੱਕ ਵੀ ਤਾਂ ਮੇਰਾ ਕਿਹਾ ਮੰਨਿਆ ਹੀ ਐ, ਇੱਕ

ਆਖਰੀ ਵਾਰ ਮੰਨ ਲਵੋ, ਸਭ ਦੀ ਜਾਨ ਦਾ ਸਵਾਲ ਏ।ਪਰ ਕਿਸੇ ਨੇ ਵੀ ਇਕਬਾਲ ਦੀ ਗੱਲ ਨੂੰ ਗੰਭੀਰਤਾ ਨਾਲ ਨਹੀ ਲਿਆ। ਉਹਨਾ ਸਭ ਨੂੰ ਆਪਣਿਆਂ ਸਮੁੰਦਰੀ ਸਫਰਾਂ ਤੇ ਬਹੁਤ ਮਾਣ ਸੀ, ਤੇ ਹੱਸਦਿਆਂ ਹੱਸਦਿਆਂ ਨੇ ਹੀ ਉਹਨਾ ਨੇ ਆਪਣੀਆਂ ਬੇੜੀਆਂ ਪਾਣੀ ਵਿੱਚ ਉਤਾਰੀਆਂ ਤੇ ਇਕਬਾਲ ਨੂੰ ਇਹ ਕਹਿ ਕੇ ਚੱਲ ਪਏ ਕਿ ਚੰਗਾ ਫੇਰ ਮਸੀਹਿਆ, ਜੇ ਜਿਊਂਦਾ ਰਿਹਾ ਫੇਰ ਮਿਲਾਂਗੇ।

ਟਾਪੂ ਤੇ ਇਕਬਾਲ ਤੇ ਉਸਦੇ ਪਰਿਵਾਰ ਤੋਂ ਇਲਾਵਾ ਕੁੱਝ ਲੋਕ ਹੀ ਬੱਚ ਗਏ ਸੀ। ਉਹਨਾ ਵਿੱਚ ਕੁੱਝ ਲੋਕ ਤਾਂ ਇਕਬਾਲ ਦੇ ਦੋਸਤ ਤੇ ਉਹਨਾ ਦੇ ਪਰਿਵਾਰ ਸੀ ਜੋ ਉਸਨੂੰ ਇਕੱਲਾ ਛੱਡ ਜਾਣਾ ਨੀ ਸੀ ਚਾਹੁੰਦੇ ਤੇ ਬਾਕੀ ਕੁੱਝ ਬੇਬੱਸ ਲੋਕ ਸੀ ਜਿਹਨਾ ਨੂੰ ਕਿਸੇ ਵੀ ਬੇੜੀ ਵਿੱਚ ਜਗ੍ਹਾ ਨੀ ਸੀ ਮਿਲੀ। ਉਹ ਸਾਰੇ ਇਕਬਾਲ ਦੀ ਬਣਾਈ ਬੇੜੀ ਵਿੱਚ ਸਵਾਰ ਹੋ ਕੇ ਉਸ ਨਿੱਕੇ ਟਾਪੂ ਵੱਲ ਚੱਲ ਪਏ।

ਸਮੁੰਦਰ ਵਿੱਚ ਬਹੁਤ ਹੀ ਜਿਆਦਾ ਭਿਅੰਕਰ ਤੂਫਾਨ ਆਇਆ। ਤੇ ਵੱਡੇ ਟਾਪੂ ਤੇ ਜਾਣ ਵਾਲੇ ਜਿਆਦਾਤਰ ਲੋਕ ਮਾਰੇ ਗਏ ਤੇ ਜੋ ਬੱਚ ਗਏ  ਉਹ ਭੁੱਖ ਨਾਲ ਮਰ ਰਹੇ ਸੀ ਕਿਉਂਕਿ ਉਸ ਟਾਪੂ ਤੇ ਕੁੱਝ ਖਾਣ-ਪੀਣ ਲਈ ਨਹੀਂ ਸੀ। ਪਾਣੀ ਖਾਰਾ ਸੀ ਤੇ ਖਾਣਾ ਲੱਭਣ ਦੀ ਕਿਸੇ ਦੀ ਵੀ ਹਾਲਤ ਨਹੀਂ ਸੀ ਰਹੀ।ਤੇ ਜੋ ਲੋਕ ਮਰ ਚੁੱਕੇ ਸੀ ਉਹਨਾ ਦੀਆਂ ਆਤਮਾਵਾਂ ਧਰਮਰਾਜ ਕੋਲ ਪਹੁੰਚੀਆਂ, ਜਾਕੇ ਉਹ ਲਾਈਨ ਵਿੱਚ ਲੱਗ ਗਏ। ਉਹਨਾ ਵਿਚੋਂ ਆਪਣੇ-ਆਪ ਨੂੰ ਸਭ ਤੋਂ ਅਕਲਮੰਦ ਸਮਝਣ ਵਾਲਾ ਬੰਦਾ ਲਾਈਨ ਵਿੱਚ ਖੜੇ ਲੋਕਾਂ ਨੂੰ ਧਿਆਨ ਨਾਲ ਵੇਖ ਰਿਹਾ ਸੀ, ਜਿਵੇਂ ਕੁੱਝ ਲੱਭ ਰਿਹਾ ਹੋਵੇ। ਉਸਨੂੰ ਵੇਖ ਕੇ ਧਰਮਰਾਜ ਨੇ ਅਖੀਰ ਨੂੰ ਪੁੱਛ ਹੀ ਲਿਆ

ਕਿ ਤੂੰ ਕਿਹਨੂੰ ਲੱਭ ਰਿਹਾ ਏ। ਤਾਂ ਉਸ ਬੰਦੇ ਨੇ ਕਿਹਾ ਕਿ ਵਿਹਲੜ ਓਨੀ ਆਏ ਹੀ ਨੀ, ਕਿ ਉਹਨਾ ਦੀ ਵਾਰੀ ਪਹਿਲਾਂ ਹੀ ਆਗੀ। ਇਸ ਤੇ ਬਾਕੀ ਸਾਰੇ ਹੱਸ ਪਏ ਤੇ ਕਹਿਣ ਲੱਗੇ ਕਿ ਜੇ ਸਾਡੇ ਨਾਲ ਚੱਲ ਪੈਂਦਾ ਤਾਂ ਥੋੜਾ ਸਮਾਂ ਹੋਰ ਜੀਅ ਲੈਂਦਾ।

ਧਰਮਰਾਜ ਨੇ ਫੇਰ ਉਹਨਾ ਸਭ ਨੂੰ ਉਸ ਛੋਟੇ ਟਾਪੂ ਦਾ ਹਾਲ ਦਿਖਾਇਆ ਜਿਸ ਤੇ ਇਕਬਾਲ ਓਨੀ ਗਏ ਸੀ, ਉਹ ਟਾਪੂ ਦੂਰ ਹੋਣ ਕਾਰਨ ਸੁਰੱਖਿਅਤ ਵੀ ਸੀ, ਤੇ ਪੀਣ ਲਈ ਪਾਣੀ ਦੇ ਨਾਲ-ਨਾਲ ਫਲਾਂ ਦੇ ਦਰੱਖਤਾਂ ਨਾਲ ਵੀ ਭਰਿਆ ਪਿਆ ਸੀ। ਤੇ ਉੱਥੇ ਉਹ ਸਾਰੇ ਖੁਸ਼ੀ ਖੁਸ਼ੀ ਰਹਿ ਰਹੇ ਸੀ।ਤੇ ਦੂਜੇ ਪਾਸੇ ਵੱਡੇ ਟਾਪੂ ਤੇ ਉਹਨਾ ਦੇ ਘਰਦੇ ਭੁੱਖ ਨਾਲ ਤੜਪ ਕੇ ਮਰ ਰਹੇ ਸੀ। ਧਰਮਰਾਜ ਨੇ ਕਿਹਾ ਕਿ ਇਕਬਾਲ ਸੌਂਦਾ ਹੀ ਨਹੀਂ ਰਹਿੰਦਾ ਸੀ। ਉਹ ਆਪਣਾ ਰੱਬ ਵੱਲੋਂ ਮਿਲਿਆ ਕਰਮ ਕਰਨ ਤੋਂ ਬਾਅਦ ਰੱਬ ਦੀ ਇਬਾਦਤ ਕਰਦਾ ਸੀ। ਤੇ ਉਹ ਇੱਕ ਤਰ੍ਹਾਂ ਨਾਲ ਰੱਬ ਦਾ ਸੁਨੇਹਾ ਦੇਣ ਵਾਲਾ ਜਰੀਆ ਸੀ ਤੁਹਾਡੇ ਵਿੱਚ। ਪਰ ਤੁਸੀਂ ਉਸਦੀ ਕਦਰ ਕਰਨੀ ਤਾਂ ਦੂਰ ਦੀ ਗੱਲ ਹੈ, ਸਗੋਂ ਉਸਦਾ ਮਜਾਕ ਬਣਾਇਆ ਤੇ ਉਸਨੂੰ ਸਦਾ ਹੀ ਬੁਰਾ ਬੋਲਿਆ।

ਸਾਰੇ ਕਹਿਣ ਲੱਗੇ ਪਰ ਉਹ ਕੋਈ ਕੰਮ ਨੀ ਸੀ ਕਰਦਾ ਤਾਂ ਕਰਕੇ ਅਸੀਂ ਉਹਨੂੰ ਵਿਹਲੜ ਕਹਿੰਦੇ ਸੀ। ਧਰਮਰਾਜ ਨੇ ਗੁੱਸੇ ਹੁੰਦਿਆਂ ਕਿਹਾ ਕਿ ਉਹ ਆਪਣਾ ਕਰਮ ਕਰਦਾ ਸੀ ਤੇ ਕਿਸੇ ਦਾ ਵੀ ਦਿਲ ਨੀ ਸੀ ਦਿਖਾਉਂਦਾ, ਤੇ ਤੁਸੀਂ ਸਭ ਨੇ ਵੀ ਪਤਾ ਨੀ ਕਿੰਨੀ ਹੀ ਵਾਰ ਉਸ ਕੋਲੋਂ ਸਲਾਹ ਲਈ ਤੇ ਉਸਨੂੰ ਆਪਣਾ ਮਸੀਹਾ

ਮੰਨਿਆ। ਇਸ ਗੱਲ ਨੂੰ ਸੁਣ ਕੇ ਸਾਰੇ ਹੈਰਾਨ ਰਹਿ ਗਏ ਕਿ ਉਹ ਮਸੀਹਾ ਇਕਬਾਲ ਸੀ।

ਫੇਰ ਧਰਮਰਾਜ ਨੇ ਉਹਨਾ ਨੂੰ ਧਰਤੀ ਦਾ ਨਜਾਰਾ ਦਿਖਾਇਆ। ਜਿਸ ਨੂੰ ਵੇਖ ਸਾਰੇ ਆਪਣੇ-ਆਪ ਨੂੰ ਅਕਲਮੰਦ ਸਮਝਣ ਵਾਲੇ ਬਹੁਤ ਸ਼ਰਮਿੰਦਾ ਹੋਏ। ਕਿਉਂਕਿ ਜਿਸਦੀ ਉਹਨਾਂ ਨੇ ਕਦੇ ਇੱਜਤ ਨੀ ਸੀ ਕੀਤੀ, ਉਹ ਇਨਸਾਨ ਹੀ ਉਹਨਾ ਦੇ ਭੁੱਖ ਨਾਲ ਤੜਫ ਰਹੇ ਪਰਿਵਾਰਾਂ ਦੀ ਮਦਦ ਕਰਨ ਬਾਰੇ ਸੋਚ ਰਿਹਾ ਸੀ।

ਤੂਫਾਨ ਰੁੱਕ ਚੁੱਕਿਆ ਸੀ ਤੇ ਇਕਬਾਲ ਆਪਣੇ ਦੋ-ਤਿੰਨ ਸਾਥੀਆਂ ਨਾਲ ਵੱਡੇ ਟਾਪੂ ਦਾ ਹਾਲ ਵੇਖਣ ਆਇਆ। ਤੇ ਉਹ ਸਭ ਨੂੰ ਆਪਣੇ ਨਾਲ ਛੋਟੇ ਟਾਪੂ ਤੇ ਹੀ ਲੈ ਗਿਆ। ਤੇ ਸਾਰੇ ਫੇਰ ਉੱਥੇ ਹੀ ਰਹਿਣ ਲੱਗੇ। ਤੇ ਦਿਨ ਬੀਤਦੇ ਗਏ ਤੇ ਸਭ ਆਪਣੇ ਜੀਵਨ ਵਿੱਚ ਵਿਅਸਤ ਹੋ ਗਏ। ਉਹਨਾ ਨੇ ਇਕਬਾਲ ਨੂੰ ਆਪਣੀ ਬਸਤੀ ਦਾ ਮੁੱਖੀ ਬਣਾ ਲਿਆ ਤੇ ਉਸ ਘਟਨਾ ਤੋਂ ਬਾਅਦ ਸਾਰੇ ਉਸ ਵੱਲੋਂ ਲਏ ਫੈਸਲਿਆਂ ਦਾ ਸਨਮਾਨ ਕਰਨ ਲੱਗੇ, ਕਿਉਂਕਿ ਇਕਬਾਲ ਦੇ ਚੰਗੇ ਦਿਲ ਤੇ ਬੁੱਧੀਮਤਾ ਕਰਕੇ ਹੀ ਉਹ ਸਾਰੇ ਜੀਵਿਤ ਸੀ।

✿✿✿✿✿✿

# ਕਰਮਾਂ ਦਾ ਫਲ਼

ਗੁਰਦੀਪ ਤੇ ਹਰਦੀਪ ਦੋਵੇਂ ਸਾਰਾ ਦਿਨ ਬਾਅਦ ਹਰ ਸ਼ਾਮ ਦੀ ਤਰ੍ਹਾਂ ਸ਼ਾਮ ਦਾ ਖਾਣਾ ਖਾਣ ਤੋਂ ਬਾਅਦ ਆ ਆਪਣੀ ਬੇਬੇ ਦੁਆਲੇ ਹੋ ਬੈਠ ਗਏ। ਗੁਰਦੀਪ ਤੇ ਹਰਦੀਪ ਦੋਵੇਂ ਭੈਣ-ਭਰਾ ਸਨ। ਗੁਰਦੀਪ ਵੱਡੀ ਤੇ ਸਮਝਦਾਰ ਸੀ ਤੇ ਹਰਦੀਪ ਉਸ ਤੋਂ ਤਿੰਨ ਸਾਲ ਛੋਟਾ ਸੀ ਤੇ ਬਹੁਤ ਹੀ ਜਿਆਦਾ ਸ਼ਰਾਰਤੀ। ਉਹ ਹਰ ਸ਼ਾਮ ਆਪਣੀ ਬੇਬੇ ਤੋਂ ਕਹਾਣੀ ਸੁਣਕੇ ਹੀ ਸੌਣ ਜਾਂਦੇ।

ਪਰ ਅੱਜ ਆਉਂਦਿਆਂ ਹੀ ਹਰਦੀਪ ਨੇ ਬੇਬੇ ਨੂੰ ਕਹਿ ਦਿੱਤਾ ਕਿ ਉਹ ਹਰ ਰੋਜ ਇੱਕੋ ਕਹਾਣੀ ਸੁਣ ਕੇ ਅੱਕ ਗਏ ਹਨ, ਤੇ ਅੱਜ ਉਹ ਕੋਈ ਨਵੀਂ ਕਹਾਣੀ ਸੁਣਨਾ ਚਾਹੁੰਦੇ ਨੇ। ਪਰ ਬੇਬੇ ਨੇ ਕਿਹਾ ਕਿ-- ਹੁਣ ਮੈਂ ਰੋਜ ਨਵੀਂ ਕਹਾਣੀ ਕਿੱਥੋਂ ਸੁਣਾਵਾਂ, ਉਹ ਹੀ ਸੁਣਾਵਾਂਗੀ, ਜੋ ਮੈਨੂੰ ਆਉਂਦੀ ਏ।

ਪਰ ਹਰਦੀਪ ਕੋਈ ਨਵੀਂ ਕਹਾਣੀ ਦੀ ਜਿੱਦ ਤੇ ਅੜ ਗਿਆ। ਇਸ ਤੇ ਉਸਦੀ ਜਿੱਦ ਤੇ ਵਰਤਾਓ ਨੂੰ ਦੇਖਦਿਆਂ ਉਹਨਾ ਦੀ ਬੇਬੇ ਦੇ ਦਿਮਾਗ ਵਿੱਚ ਇੱਕ ਬੜੀ ਹੀ ਵਧੀਆ ਕਹਾਣੀ ਆਈ। ਤੇ ਬੇਬੇ ਨੇ ਸੋਚਿਆ ਕਿ ਇਹ ਕਹਾਣੀ ਹਰਦੀਪ ਲਈ ਵਧੀਆ ਰਹੇਗੀ, ਉਸਦੀਆਂ ਸ਼ਰਾਰਤਾਂ ਤੇ ਜਿੱਦ ਦਿਨ ਪ੍ਰਤੀ ਦਿਨ ਵੱਧਦੀ ਜਾ ਰਹੀ ਏ। ਤੇ ਬੇਬੇ ਨੇ ਕਹਾਣੀ ਸੁਣਾਉਣੀ ਸ਼ੁਰੂ ਕੀਤੀ....

ਇੱਕ ਵਾਰ ਦੀ ਗੱਲ ਹੈ, ਇੱਕ ਬਹੁਤ ਹੀ ਜ਼ਿਆਦਾ ਸ਼ਰਾਰਤੀ ਬੱਚਾ ਸੀ। ਆਪਣੇ ਭੈਣ ਭਰਾਵਾਂ ਵਿੱਚੋਂ ਸਭ ਤੋਂ ਛੋਟਾ ਹੋਣ ਕਾਰਨ ਉਹਨੂੰ ਸਾਰੇ ਨਿੱਕਾ ਕਹਿੰਦੇ ਸਨ। ਸਭ ਤੋਂ ਛੋਟਾ ਹੋਣ ਕਾਰਨ ਉਹ ਘਰਦਿਆਂ ਦਾ ਲਾਡਲਾ ਵੀ ਬਹੁਤ ਸੀ। ਤੇ ਉਸਦੀ ਕਿਸੇ ਵੀ ਮਾੜੀ ਹਰਕਤ ਤੇ ਉਸਦੇ ਘਰਦੇ ਉਸਨੂੰ ਝਿੜਕਣ ਦੀ ਥਾਂ ਹੱਸ ਪੈਂਦੇ ਸੀ।

ਵੱਡੇ ਬੱਚਿਆਂ ਦੀ ਪਰਵਰਿਸ਼ ਚੰਗੀ ਤਰ੍ਹਾਂ ਹੋ ਰੱਖੀ ਸੀ। ਜਿਵੇਂ ਸਾਰੀਆਂ ਚੰਗੀਆਂ ਵੱਡੇ ਦੋ ਬੱਚਿਆਂ ਨੂੰ ਹੀ ਸਿਖਾਉਣ ਵਿੱਚ ਮੁੱਕ ਗਈਆਂ ਹੋਣ। ਤੇ ਨਿੱਕਾ ਲਾਡ ਪਿਆਰ ਤੇ ਘਰਦਿਆਂ ਦੀ ਸ਼ੈਅ ਵਿੱਚ ਵਿਗੜਦਾ ਜਾ ਰਿਹਾ ਸੀ। ਉਹ ਸਾਰਾ ਹੀ ਦਿਨ ਸ਼ਰਾਰਤਾਂ ਕਰਦਾ। ਜਿਨ੍ਹਾਂ ਬੱਚਿਆਂ ਨਾਲ ਖੇਡਦਾ, ਉਹਨਾਂ ਨੂੰ ਹੀ ਕੁੱਟ ਆਉਂਦਾ। ਰਸਤੇ ਵਿੱਚ ਪਏ ਕੁੱਤੇ-ਬਿੱਲੀਆਂ ਦੇ ਵੀ ਪੱਥਰ ਮਾਰਦਾ।

ਤੇ ਜਦੋਂ ਬੱਚਿਆਂ ਦੇ ਮਾਪੇ ਨਿੱਕੇ ਦੇ ਘਰ ਉਲਾਂਭਾ ਲੈ ਕੇ ਆਉਂਦੇ ਤਾਂ ਨਿੱਕੇ ਦੇ ਘਰਦੇ ਉਹਨਾ ਨੂੰ ਇਹ ਕਹਿ ਮੋੜ ਦਿੰਦੇ ਕਿ ਸਾਰੇ ਹੀ ਬੱਚੇ ਸ਼ਰਾਰਤਾਂ ਕਰਦੇ ਨੇ। ਸਾਡੇ ਇਕੱਲੇ ਨਿੱਕੇ ਦੀ ਹੀ ਗਲਤੀ ਨੀ ਸੀ। ਕਈ ਵਾਰ ਤਾਂ ਇਹਨਾਂ ਗੱਲਾਂ ਵਿੱਚ ਝਗੜਾ ਵੀ ਹੋ ਜਾਂਦਾ। ਤੇ ਘਰਦਿਆਂ ਵੱਲੋਂ ਮਿਲਣ ਵਾਲੀ ਇਹ ਸ਼ੈਅ ਜਿਵੇਂ ਨਿੱਕੇ ਨੂੰ ਇਹ ਸਿਖਾ ਜਾਂਦੀ ਕਿ ਉਹ ਜੋ ਵੀ ਕਰਦਾ ਏ ਉਹ ਸਭ ਸਹੀ ਆ। ਜੇ ਉਹ

ਗਲਤ ਹੁੰਦਾ ਤਾਂ ਉਸਦੇ ਮਾਪੇ ਉਸਨੂੰ ਝਿੜਕਦੇ, ਨਾ ਕਿ ਉਸਦਾ ਸਾਥ ਦਿੰਦੇ। ਤੇ ਇਸ ਸ਼ੈਅ ਵਿੱਚ ਉਹ ਹੋਰ ਵੀ ਜਿਆਦਾ ਸ਼ਰਾਰਤਾਂ ਕਰਦਾ।

ਨਿੱਕੇ ਦੀਆਂ ਇਹਨਾ ਹਰਕਤਾਂ ਨਾਲ ਉਸਦਾ ਵੱਡਾ ਭਰਾ ਤੇ ਭੈਣ ਵੀ ਤੰਗ ਆਏ ਹੋਏ ਸੀ। ਕਿਉਂਕਿ ਜਿਨ੍ਹਾਂ ਬੱਚਿਆਂ ਨਾਲ ਨਿੱਕਾ ਲੜਦਾ, ਉਹਨਾਂ ਬੱਚਿਆਂ ਦੇ ਮਾਪੇ ਆਪਣੇ ਬੱਚਿਆਂ ਨੂੰ ਨਿੱਕੇ ਦੇ ਵੱਡੇ ਭੈਣ-ਭਰਾ ਨਾਲ ਖੇਡਣ ਤੋਂ ਵੀ ਰੋਕਦੇ ਸੀ। ਤੇ ਕਈ ਵਾਰ ਤਾਂ ਸ਼ਰਾਰਤ ਨਿੱਕੇ ਦੀ ਹੁੰਦੀ ਸੀ, ਉਹ ਤਾਂ ਹੱਥ ਆਉਂਦਾ ਨਾ ਕਿਸੇ ਦੇ, ਤੇ ਮਾਰ ਉਸਦੇ ਵੱਡੇ ਭਰਾ ਦੇ ਪੈ ਜਾਂਦੀ ਸੀ।

ਇੱਕ ਵਾਰ ਅਜਿਹਾ ਹੀ ਕੁੱਝ ਹੋਇਆ ਸੀ, ਅੰਬ ਦੇ ਦਰੱਖਤ ਤੋਂ ਅੰਬ ਤੋੜਨ ਲਈ ਨਿੱਕੇ ਨੇ ਪੱਥਰ ਮਾਰਿਆ, ਤੇ ਪੱਥਰ ਜਾ ਇੱਕ ਬਜ਼ੁਰਗ ਦੇ ਲੱਗਿਆ, ਤੇ ਇਹ ਦੇਖਦਿਆਂ ਹੀ ਨਿੱਕਾ ਮਾਫੀ ਮੰਗਣ ਦੀ ਥਾਂ ਉੱਥੋਂ ਭੱਜ ਨਿਕਲਿਆ। ਤੇ ਸਾਰਾ ਇਲਜਾਮ ਉਸਦੇ ਵੱਡੇ ਭਰਾ ਸਿਰ ਆ ਗਿਆ ਤੇ ਸਾਰਿਆਂ ਤੋਂ ਝਿੜਕਾਂ ਵੀ ਉਸਨੂੰ ਹੀ ਪਈਆਂ।

ਸ਼ਾਮ ਹੋਇਆਂ ਜਦੋਂ ਸਭ ਸ਼ਾਂਤ ਹੋਇਆਂ ਨਿੱਕਾ ਘਰ ਪਰਤਿਆ, ਤਾਂ ਉਹ ਆਪਣੇ ਭਰਾ ਵੱਲ ਵੇਖ ਹੱਸਣ ਲੱਗ ਪਿਆ। ਤੇ ਕਹਿਣ ਲੱਗਿਆ ਕਿ ਤੈਨੂੰ ਕਿਹਨੇ ਕਿਹਾ ਸੀ ਉੱਥੇ ਰੁਕਣ ਲਈ, ਤੂੰ ਕਿਉਂ ਨੀ ਭੱਜਿਆ? ਤੇਰੇ ਛਿੱਤਰ ਪਏ, ਤਾਂ ਇਸ ਵਿੱਚ ਮੇਰਾ ਕੋਈ ਕਸੂਰ ਨੀ। ਹੁਣ ਮੈਨੂੰ ਏਦਾਂ ਨਾ ਵੇਖ ਜਿਵੇਂ ਤੇਰੇ ਮੇਰੇ ਕਰਕੇ ਮਾਰ ਪਈ, ਤੇ ਚੱਲ ਕੋਈ ਨੀ ਏਨਾ ਕੁ ਤਾਂ ਹੁੰਦਾ ਹੀ ਰਹਿੰਦਾ।

ਨਿੱਕੇ ਨੂੰ ਫੇਰ ਘਰਦਿਆਂ ਨੇ ਕੁੱਝ ਨੀ ਕਿਹਾ, ਤੇ ਇਸ ਗੱਲ ਤੇ ਵੀ ਨਿੱਕੇ ਦੇ ਵੱਡੇ ਭਰਾ ਨੂੰ ਬਹੁਤ ਗੁੱਸਾ ਆਇਆ। ਤੇ ਉਸਨੇ ਸੋਚਿਆ ਕਿ ਏਦਾਂ ਗੱਲ ਨੀ ਬਣਨੀ, ਨਿੱਕੇ ਦਾ ਕੋਈ ਹੀਲਾ ਤਾਂ ਕਰਨਾ ਹੀ ਪੈਣਾ।

ਰਾਤ ਨੂੰ ਨਿੱਕਾ ਤੇ ਉਸਦਾ ਭਰਾ ਸੌਂਦੇ ਵੀ ਇੱਕੋ ਮੰਜੇ ਤੇ ਸੀ। ਨਿੱਕੇ ਦੇ ਵੱਡੇ ਭਰਾ ਨੇ ਹਰ ਰੋਜ ਦੀ ਤਰ੍ਹਾਂ ਵਿਹੜੇ ਵਿੱਚ ਮੰਜਾ ਡਾਹਿਆ, ਤੇ ਉਹ ਮੰਜੇ ਤੇ ਲੇਟ ਕੇ ਹਰ ਰੋਜ ਵਾਂਗ ਤਾਰੇ ਵੇਖਣ ਲੱਗੇ। ਤੇ ਉਹ ਅਸਮਾਨ ਵਿੱਚ ਕਦੇ ਤਾਰਿਆਂ ਦੇ ਬਣੇ ਅਕਾਰ ਲੱਭਦੇ ਤੇ ਕਦੇ, ਤੁਰੇ ਜਾਂਦੇ ਤਾਰਿਆਂ ਨੂੰ ਵੇਖੀ ਜਾਂਦੇ ਉਦੋਂ ਤੱਕ ਜਦੋਂ ਤੱਕ ਉਹ ਦਿਸਣ ਤੋਂ ਹੱਟ ਨਾ ਜਾਂਦਾ।

ਤਾਰੇ ਵੇਖਦਿਆਂ ਨਿੱਕੇ ਦੇ ਵੱਡੇ ਭਰਾ ਦੇ ਦਿਮਾਗ ਵਿੱਚ ਇੱਕ ਤਰੀਕਾ ਆਇਆ ਨਿੱਕੇ ਦੀਆਂ ਆਏ ਦਿਨ ਵੱਧਦੀਆਂ ਸ਼ਰਾਰਤਾਂ ਨੂੰ ਰੋਕਣ ਲਈ। ਉਸਨੇ ਕਿਹਾ ਕਿ ਨਿੱਕਿਆ ਤੈਨੂੰ ਪਤਾ ਆਪਣੇ ਮੋਢਿਆਂ ਤੇ ਜਮਦੂਤ ਬੈਠੇ ਹੁੰਦੇ ਨੇ। ਇਸ ਤੇ ਨਿੱਕਾ ਹੈਰਾਨੀ ਨਾਲ ਪੁੱਛਣ ਲੱਗਿਆ ਕਿ ਕੀ ਬੈਠੇ ਹੁੰਦੇ ਨੇ...? ਉਸਦਾ ਵੱਡਾ ਭਰਾ ਬੋਲਿਆ "ਜਮਦੂਤ"। ਇੱਕ ਜਮਦੂਤ ਸੱਜੇ ਮੋਢੇ ਤੇ ਬੈਠਾ ਹੁੰਦਾ ਜੋ ਆਪਣੇ ਕਿੱਤੇ ਹੋਏ ਚੰਗੇ ਕੰਮ ਲਿਖਦਾ ਏ, ਤੇ ਦੂਜਾ ਜਮਦੂਤ ਖੱਬੇ ਮੋਢੇ ਤੇ ਬੈਠਾ ਹੁੰਦਾ ਏ ਜੋ ਆਪਣੇ ਕਿੱਤੇ ਹੋਏ ਮਾੜੇ ਕੰਮ ਲਿਖਦਾ ਏ। ਤੇ ਫੇਰ ਜੇ ਆਪਾਂ ਚੰਗੇ ਕੰਮ ਕਰੀਏ ਤਾਂ ਆਪਾਂ ਨੂੰ ਇਨਾਮ ਮਿਲਦਾ ਏ ਤੇ ਪਾਪ ਕਰਨ ਤੇ ਫੇਰ ਆਪਾਂ ਨੂੰ ਸਜਾ ਮਿਲਦੀ ਏ।

ਇਹ ਕਹਿ ਕੇ ਨਿੱਕੇ ਦਾ ਵੱਡਾ ਭਰਾ ਹੱਸ ਪਿਆ, ਤੇ ਕਹਿਣ ਲੱਗਿਆ ਕਿ ਨਿੱਕਿਆ ਤੇਰੀ ਪਾਪਾਂ ਵਾਲੀ ਕਾਪੀ ਤਾਂ ਭਰਨ ਵਾਲੀ ਹੋਣੀ, ਤੂੰ ਹਰ ਰੋਜ ਐਨੇ ਮਾੜੇ ਕੰਮ ਜੋ ਕਰਦਾ ਏ। ਤੈਨੂੰ ਉਹਨਾ ਲਈ ਪਾਪ ਲੱਗੇਗਾ ਤੇ ਸਜਾ ਵੀ ਮਿਲੇਗੀ। ਮੈਂ ਤਾਂ ਬਈ ਕੋਈ ਪਾਪ ਨੀ ਕੀਤਾ, ਮੈਂ ਤਾਂ ਚੰਗੇ ਕੰਮ ਕਰਦਾ ਹਾਂ, ਇਸ ਲਈ ਮੈਨੂੰ ਮੇਰੇ ਚੰਗੇ ਕੰਮਾਂ ਕਰਕੇ ਇਨਾਮ ਮਿਲੂਗਾ।

ਇਸ ਤੇ ਨਿੱਕੇ ਨੂੰ ਗੁੱਸਾ ਆ ਗਿਆ ਤੇ ਉਹ ਕਹਿਣ ਲੱਗਿਆ ਕਿ ਐਵੇਂ ਬਕਵਾਸ ਨਾ ਕਰੀ ਜਾ, ਇਹੋ ਜਿਹਾ ਕੁੱਝ ਨੀ ਹੁੰਦਾ, ਕੋਈ ਨੀ ਜਮਦੂਤ ਬੈਠਾ ਮੋਢਿਆਂ ਤੇ, ਤੇ ਕੋਈ ਸਜਾ ਸੁਜਾ ਨੀ ਮਿਲਣੀ ਮੈਨੂੰ। ਤੇ ਇਹ ਕਹਿਣ ਤੋਂ ਬਾਅਦ ਨਿੱਕਾ ਦੂਜੇ ਪਾਸੇ ਵੱਲ ਨੂੰ ਮੂੰਹ ਕਰਕੇ ਮੰਜੇ ਦੀ ਬਾਹੀ ਫੜ ਕੇ ਪੈ ਗਿਆ।

ਪਰ ਜਮਦੂਤ ਵਾਲੀ ਗੱਲ ਉਸਦੇ ਮਨ ਤੇ ਅਸਰ ਕਰ ਚੁੱਕੀ ਸੀ, ਕਿਉਂਕਿ ਉਹ ਪਿਆ ਇਹੀ ਸੋਚ ਰਿਹਾ ਸੀ ਕਿ ਉਸਨੇ ਹੁਣ ਵੀ ਆਪਣੇ ਵੱਡੇ ਭਰਾ ਨਾਲ ਬਦਤਮੀਜ਼ੀ ਕੀਤੀ ਹੈ, ਕੀ ਇਹ ਵੀ ਜਮਦੂਤ ਨੇ ਲਿੱਖ ਲਿਆ ਹੋਣਾ? ਤੇ ਜੋ ਦਿਨ ਵਿੱਚ ਹੋਇਆ, ਤੇ ਜੋ ਉਹ ਹਰ ਰੋਜ ਏਨੀਆਂ ਸ਼ਰਾਰਤਾਂ ਕਰਦਾ ਏ ਉਹ ਵੀ ਲਿਖਿਆ ਗਿਆ ਹੋਣਾ? ਤੇ ਇਸ ਹਿਸਾਬ ਨਾਲ ਤਾਂ ਉਸਨੂੰ ਬਹੁਤ ਸਜਾ ਮਿਲੇਗੀ। ਪਰ ਨਿੱਕਾ ਢੀਠ ਹੋ ਚੁੱਕਿਆ ਸੀ ਉਸਨੇ ਆਪਣੇ ਦੋਵੇਂ ਮੋਢੇ ਝਾੜੇ ਤੇ ਉਹ ਸੌਂ ਗਿਆ।

ਦੂਜੀ ਸਵੇਰ ਨਿੱਕਾ ਉੱਠਿਆ ਤੇ ਉਹ ਪਿਛਲੀ ਰਾਤ ਦੀਆਂ ਸਾਰੀਆਂ ਗੱਲਾਂ ਕਿਸੇ ਸੁਪਨੇ ਵਾਂਗ ਭੁੱਲ ਚੁੱਕਾ ਸੀ। ਉਸਦੇ ਦਿਨ ਦੀ ਸ਼ੁਰੂਆਤ ਵੀ ਹਰ ਦਿਨ ਵਾਂਗ ਹੀ ਹੋਈ। ਸਾਰਾ ਦਿਨ ਖੂਬ ਸ਼ਰਾਰਤਾਂ ਕੀਤੀਆਂ। ਉਸਦਾ ਵੱਡਾ ਭਰਾ ਉਸਨੂੰ ਵੇਖ ਕੇ ਨਿਰਾਸ਼ ਹੋ ਰਿਹਾ ਸੀ ਕਿ ਇਸਨੂੰ ਕੋਈ ਫਰਕ ਹੀ ਨੀ ਪਿਆ।

ਸ਼ਾਮ ਨੂੰ ਖੇਡ ਕੇ ਜਦੋਂ ਨਿੱਕਾ ਘਰ ਪਰਤਣ ਲੱਗਿਆ ਤਾਂ ਉਸਨੇ ਰਾਹ ਵਿੱਚ ਇੱਕ ਕੁੱਤਾ ਸੁੱਤਾ ਪਿਆ ਵੇਖਿਆ। ਤੇ ਨਿੱਕੇ ਨੇ ਆਦਤਨ ਪੱਥਰ ਚੁੱਕਿਆ ਤੇ ਕੁੱਤੇ ਦੇ ਮਾਰਿਆ, ਤੇ ਉਹ ਜਿਵੇਂ ਹੀ ਭੱਜਣ ਲੱਗਿਆ ਤਾਂ ਇੱਟ ਨਾਲ ਪੈਰ ਅਟਕਣ ਕਾਰਨ ਡਿੱਗ ਪਿਆ ਤੇ ਉਸਦੇ ਗੋਡਿਆਂ ਤੇ, ਕੁਹਣੀਆਂ ਤੇ ਬਹੁਤ ਰਗੜਾਂ ਲੱਗੀਆਂ। ਤੇ ਉਹ ਰੋ ਰਿਹਾ ਸੀ।

ਨਿੱਕੇ ਦਾ ਭਰਾ ਉਸਨੂੰ ਘਰ ਲੈ ਗਿਆ, ਤੇ ਮਰਹਮ ਪੱਟੀ ਵਗੈਰਾਹ ਕਰਨ ਤੋਂ ਬਾਅਦ ਜਦੋਂ ਨਿੱਕਾ ਸ਼ਾਂਤ ਹੋ ਗਿਆ ਤਾਂ ਉਸਦੇ ਵੱਡੇ ਭਰਾ ਨੇ ਕਿਹਾ ਕਿ ਹੋਰ ਕਰ ਸ਼ਰਾਰਤਾਂ, ਮੈਂ ਤੈਨੂੰ ਹਲੇ ਰਾਤ ਹੀ ਦੱਸਿਆ ਸੀ ਕਿ ਆਪਣੇ ਮੋਢਿਆਂ ਤੇ ਜਮਦੂਤ ਬੈਠੇ ਹੁੰਦੇ ਨੇ ਜੋ ਆਪਣੇ ਕਿੱਤੇ ਹੋਏ ਪਾਪ-ਪੁੰਨ ਦਾ ਹਿਸਾਬ ਰੱਖਦੇ ਨੇ। ਪਰ ਤੂੰ ਮੰਨਿਆ ਨੀ ਤੇ ਦੇਖ ਹੁਣ ਤੈਨੂੰ ਸਜਾ ਵੀ ਮਿਲ ਗਈ। ਹੁਣ ਤਾਂ ਛੋਟੀ ਸਜਾ ਮਿਲੀ ਆ, ਪਰ ਜੇ ਤੂੰ ਸ਼ਰਾਰਤਾਂ ਕਰਨ ਤੋਂ ਨਾ ਹਟਿਆ ਤਾਂ ਹੋਰ ਵੀ ਵੱਡੀ ਸਜਾ ਮਿਲੂਗੀ।

ਇਹ ਸੁਣ ਨਿੱਕਾ ਡਰ ਗਿਆ। ਪਰ ਉਸਨੇ ਆਪਣੇ ਭਰਾ ਨੂੰ ਕਿਹਾ ਕਿ ਉਹ ਤਾਂ ਇੱਟ ਨਾਲ ਪੈਰ ਅਟਕਣ ਨਾਲ ਮੈਂ ਡਿੱਗ ਪਿਆ ਤਾਂ ਮੈਨੂੰ ਸੱਟ ਲੱਗੀ। ਉਸ ਤੋਂ ਮਗਰੋਂ ਨਿੱਕਾ ਨਲਕੇ ਤੇ ਪਾਣੀ ਭਰਨ ਗਿਆ ਤਾਂ ਉੱਥੇ ਫੇਰ ਪੈਰ ਤਿਲਕਣ ਕਾਰਨ ਡਿੱਗ ਪਿਆ ਤੇ ਫੇਰ ਉਸਦੇ ਗੋਡੇ ਵਾਲੀ ਸੱਟ ਤੇ ਦੁਬਾਰਾ ਸੱਟ ਲੱਗਣ ਨਾਲ ਲਹੂ ਵੱਗਣ ਲੱਗ ਪਿਆ। ਤੇ ਨਿੱਕਾ ਦਰਦ ਨਾਲ ਰੋ ਰਿਹਾ ਸੀ।

ਦੂਜੇ ਦਿਨ ਨਿੱਕੇ ਦੇ ਪਿਤਾ ਨੇ ਉਸਦੇ ਟੀਕਾ ਵੀ ਲਗਵਾ ਦਿੱਤਾ, ਕਿਉਂਕਿ ਨਿੱਕਾ ਦਵਾਈ ਲੈਣ ਵਿੱਚ ਵੀ ਜਿੱਦ ਕਰਦਾ ਸੀ। ਇਸ ਵਾਰ ਤਾਂ ਉਹ ਗੋਡੇ ਤੇ ਸੱਟ ਲੱਗਣ ਕਾਰਨ ਭੱਜ ਵੀ ਨੀ ਸੀ ਸਕਦਾ।

ਇਸੇ ਦਰਦ ਵਿੱਚ ਦੋ ਦਿਨ ਬੀਤ ਗਏ। ਤੇ ਨਿੱਕਾ ਦੋ ਦਿਨਾ ਬਾਅਦ ਬਾਹਰ ਖੇਡਣ ਗਿਆ। ਪਰ ਗੋਡੇ ਦੀ ਸੱਟ ਵਿੱਚ ਦਰਦ ਹੋਣ ਕਾਰਨ ਉਹ ਇੱਕ ਪਾਸੇ ਹੋ ਕੇ ਬੈਠ ਗਿਆ। ਤੇ ਨਿੱਕਾ ਜਿਨ੍ਹਾਂ ਬੱਚਿਆਂ ਨਾਲ ਲੜਦਾ ਹੁੰਦਾ ਸੀ ਉਹ ਨਿੱਕੇ ਦੀ ਹਾਲਤ ਤੇ ਹੱਸ ਰਹੇ ਸੀ। ਤੇ ਇੱਕ ਬੱਚੇ ਨੇ ਸ਼ਰਾਰਤ ਵਿੱਚ ਉੱਥੇ ਬੈਠੇ ਕੁੱਤੇ ਦੇ ਪੱਥਰ ਮਾਰਿਆ ਤੇ ਸਾਰੇ ਉੱਥੋਂ ਭੱਜ ਗਏ, ਪਰ ਸੱਟ ਵੱਜੀ ਹੋਣ ਕਾਰਨ ਨਿੱਕੇ ਤੋਂ ਭੱਜਿਆ ਨਾ ਗਿਆ ਤੇ ਕੁੱਤੇ ਨੇ ਉਸਨੂੰ ਵੱਢ ਲਿਆ। ਫੇਰ ਨਿੱਕੇ ਦੇ 14 ਟੀਕੇ ਲੱਗੇ।

ਨਿੱਕੇ ਦੇ ਭਰਾ ਨੇ ਕਿਹਾ ਕਿ ਮੈਂ ਕਿਹਾ ਸੀ ਤੈਨੂੰ, ਪਰ ਤੂੰ ਮੰਨਿਆ ਨੀ। ਨਿੱਕੇ ਨੂੰ ਹੁਣ ਆਪਣੇ ਕੀਤੇ ਕੰਮਾਂ ਤੇ ਪਛਤਾਵਾ ਹੋ ਰਿਹਾ ਸੀ ਤੇ ਉਸਨੇ ਆਪਣੇ ਭਰਾ ਨੂੰ ਵਾਅਦਾ ਕੀਤਾ ਕਿ ਉਹ ਹੁਣ ਕਦੇ ਵੀ ਕੋਈ ਸ਼ਰਾਰਤ ਨਹੀਂ ਕਰੇਗਾ, ਤੇ ਸਭ ਦਾ ਕਿਹਾ ਵੀ

ਮੰਨੇਗਾ। ਉਹਨੂੰ ਉਸਦੇ ਕੀਤੇ ਬੁਰੇ ਕੰਮਾਂ ਦੀ ਸਜਾ ਮਿਲ ਚੁੱਕੀ ਏ, ਤੇ ਹੁਣ ਉਹ ਸਾਰੇ ਚੰਗੇ ਕੰਮ ਕਰੇਗਾ ਤਾਂ ਜੋ ਸੱਜੇ ਮੋਢੇ ਵਾਲਾ ਜਮਦੂਤ ਉਸਦੇ ਚੰਗੇ ਕੰਮ ਲਿੱਖ ਕੇ ਉਸਨੂੰ ਉਹਨਾ ਚੰਗੇ ਕੰਮਾਂ ਬਦਲੇ ਇਨਾਮ ਦੇਵੇ।

ਕਹਾਣੀ ਖਤਮ ਹੋ ਚੁੱਕੀ ਸੀ ਤੇ ਗੁਰਦੀਪ ਤੇ ਹਰਦੀਪ ਪੂਰੇ ਧਿਆਨ ਨਾਲ ਕਹਾਣੀ ਸੁਣ ਰਹੇ ਸੀ। ਹਰਦੀਪ ਜੋ ਆਪ ਐਨਾ ਸ਼ਰਾਰਤੀ ਤੇ ਜਿੱਦੀ ਸੀ, ਉਹ ਆਪਣੇ ਦੋਵੇ ਮੋਢਿਆਂ ਨੂੰ ਹੱਥ ਲਾ ਕੇ ਵੇਖ ਰਿਹਾ ਸੀ। ਹਰਦੀਪ ਬੇਬੇ ਤੋਂ ਪੁੱਛਣ ਲੱਗਿਆ ਕਿ ਕੀ ਸੱਚੀ ਸਾਡੇ ਮੋਢਿਆਂ ਤੇ ਜਮਦੂਤ ਬੈਠੇ ਹੁੰਦੇ ਨੇ?

ਇਸ ਤੇ ਉਹਨਾ ਦੀ ਬੇਬੇ ਪਹਿਲਾਂ ਤਾਂ ਹੱਸ ਪਈ, ਪਰ ਫੇਰ ਉਹਨਾ ਨੇ ਗੰਭੀਰਤਾ ਨਾਲ ਹਰਦੀਪ ਨੂੰ ਕਿਹਾ ਕਿ " ਹਾਂ ਪੁੱਤ, ਤੇ ਤੂੰ ਵੀ ਨਿੱਕੇ ਵਾਂਗ ਸ਼ਰਾਰਤਾਂ ਛੱਡ ਤੇ ਇੱਕ ਚੰਗਾ ਬੱਚਾ ਬਣਜਾ, ਨਹੀਂ ਤਾਂ ਫੇਰ ਬੁਰੇ ਕੰਮਾਂ ਦੀ ਸਜਾ ਮਿਲਦੀ ਹੁੰਦੀ ਆ, ਤੇ ਚੱਲੋ ਹੁਣ ਦੋਵੇਂ ਸਾਊ ਬਣ ਕੇ ਸੌਣ ਚਲੇ ਜਾਓ।"

ਤੇ ਹਰਦੀਪ ਜੋ ਰੋਜ ਸੌਣ ਤੋਂ ਪਹਿਲਾਂ ਕਿੰਨੇ ਹੀ ਤਰ੍ਹਾਂ ਨਾਲ ਜਿੱਦ ਕਰਕੇ ਘਰਦਿਆਂ ਨੂੰ ਤੰਗ ਕਰਦਾ ਸੀ, ਉਹ ਚੁੱਪ ਚਾਪ ਦੁੱਧ ਦਾ ਗਿਲਾਸ ਪੀਣ ਤੋਂ ਬਾਅਦ ਆਪਣੇ-ਆਪ ਹੀ ਜਾ ਕੇ ਦੰਦ ਵੀ ਸਾਫ ਕਰ ਆਇਆ, ਤੇ ਇੱਕ ਸਾਊ ਬੱਚਾ ਬਣ ਕੇ ਸੌਣ ਚਲਾ ਗਿਆ।

ਤੇ ਉਸ ਕਹਾਣੀ ਨੂੰ ਸੁਣਨ ਤੋਂ ਬਾਅਦ ਹਰਦੀਪ ਆਪਣੀ ਹਰ ਹਰਕਤ ਦਾ ਧਿਆਨ ਰੱਖਦਾ ਕਿ ਉਸਤੋਂ ਕਿਤੇ ਕੋਈ ਪਾਪ ਨਾ ਹੋ ਜਾਵੇ, ਤੇ ਉਹ ਆਪਣੇ ਦੋਸਤਾਂ ਨੂੰ ਵੀ

ਕਹਿੰਦਾ ਕਿ ਸ਼ਰਾਰਤਾ ਨਾ ਕਰੋ ਨਹੀਂ ਤਾਂ ਜਮਦੂਤ ਨੇ ਮਾੜੇ ਕੰਮਾਂ ਵਿੱਚ ਲਿੱਖ ਲੈਣੀਆਂ ਤੇ ਫੇਰ ਥੋਨੂੰ ਸਜਾ ਮਿਲੂਗੀ।

ਹਰਦੀਪ ਦੇ ਬਦਲੇ ਹੋਏ ਸੁਭਾਅ ਬਦਲੇ ਬੇਬੇ ਗੁਰਦੀਪ ਤੇ ਹਰਦੀਪ ਨੂੰ ਹਰ ਰੋਜ ਕੁੱਝ ਨਾ ਕੁੱਝ ਖਾਣ ਨੂੰ ਜਰੂਰ ਦਿੰਦੀ ਤੇ ਕਹਿੰਦੀ ਕਿ ਇਹ ਉਹਨਾ ਦੇ ਚੰਗੇ ਕੰਮਾਂ ਦਾ ਇਨਾਮ ਏ। ਤੇ ਉਹ ਜ਼ਿੰਦਗੀ ਵਿੱਚ ਹੋਰ ਵੀ ਚੰਗੇ ਕੰਮ ਕਰੇ ਤੇ ਇੱਕ ਚੰਗਾ ਇਨਸਾਨ ਬਣੇ ਤੇ ਇਸ ਦੇ ਬਦਲੇ ਵਿੱਚ ਰੱਬ ਉਸਨੂੰ ਚੰਗੇ ਚੰਗੇ ਇਨਾਮ ਦੇਵੇਗਾ, ਇਸ ਤੇ ਹਰਦੀਪ ਬਹੁਤ ਖੁਸ਼ ਹੋ ਜਾਂਦਾ ਤੇ ਕਹਿੰਦਾ ਕਿ ਮੈਂ ਬਹੁਤ ਸਾਰੇ ਚੰਗੇ ਕੰਮ ਕਰਕੇ ਬਹੁਤ ਸਾਰੇ ਇਨਾਮ ਲਵਾਂਗਾ। ਉਸ ਦੀ ਇਸ ਮਾਸੂਮੀਅਤ ਤੇ ਬੇਬੇ ਤੇ ਉਸਦੇ ਘਰਦੇ ਹੱਸਣ ਲੱਗ ਜਾਂਦੇ।

✿✿✿✿✿✿

# ਓਹ ਟਾਹਲੀ

ਗੁਨੀਤ ਇੱਕ ਛੇ-ਸੱਤ ਸਾਲ ਦੀ ਬੱਚੀ, ਆਪਣੀ ਮੰਮੀ ਤੇ ਛੋਟੇ ਭਰਾ ਨਾਲ ਬੱਸ ਵਿੱਚ ਸਫਰ ਕਰ ਰਹੀ ਸੀ। ਬੱਸ ਚੜ੍ਹਦਿਆਂ ਹੀ ਪਹਿਲਾਂ ਗੁਨੀਤ ਤੇ ਉਸਦਾ ਛੋਟਾ ਭਰਾ ਸ਼ੀਸ਼ੇ ਵਾਲੀ ਸੀਟ ਪਿੱਛੇ ਲੜਨ ਲੱਗੇ। ਤੇ ਉਹਨਾਂ ਦੀ ਬਹਿਸ ਦਾ ਅੰਤ ਹਰ ਵਾਰ ਦੀ ਤਰ੍ਹਾਂ ਹੀ ਹੋਇਆ, ਕਿ ਟਾਕੀ ਵਾਲੀ ਸੀਟ ਤੇ ਉਹਦਾ ਛੋਟਾ ਭਰਾ ਬੈਠ ਗਿਆ। ਹੁੰਦਾ ਹਰ ਵਾਰ ਇਹੀ ਸੀ ਤੇ ਗੁਨੀਤ ਨੂੰ ਵੀ ਪਤਾ ਹੀ ਸੀ ਕਿ ਉਹਨੇ ਹਰ ਵਾਰ ਵਾਂਗ ਉਹ ਸੀਟ ਆਪਣੇ ਛੋਟੇ ਭਰਾ ਲਈ ਛੱਡ ਦੇਣੀ ਆ, ਪਰ ਫੇਰ ਵੀ ਉਹ ਕਦੇ ਇਹ ਕੰਮ ਲੜੇ ਬਿਨਾ ਨਹੀਂ ਸੀ ਕਰਦੇ।

ਹਰ ਵਾਰ ਵਾਂਗ ਗੁਨੀਤ ਸ਼ੀਸ਼ੇ ਵਿੱਚੋਂ ਬਾਹਰ ਵੇਖ ਰਹੀ ਸੀ ਤੇ ਆਪਣੇ ਮੰਮੀ ਨਾਲ ਕੋਈ-ਕੋਈ ਗੱਲ ਵੀ ਕਰ ਰਹੀ ਸੀ। ਤੇ ਉਹਦਾ ਭਰਾ ਉਹ ਵੀ ਵਿਅਸਤ ਸੀ ਹਰ ਵਾਰ ਦੀ ਤਰ੍ਹਾਂ ਹੀ ਸ਼ੀਸ਼ੇ ਵਿੱਚੋਂ ਬਾਹਰ ਵੇਖ ਕੇ ਗਾਣੇ ਗਾਉਣ ਵਿੱਚ। ਤੇ ਉਹ ਤੇਜ਼ ਹਵਾ ਦੇ ਰੁੱਖ ਚ ਕੀ ਗੁਣਗੁਣਾਉਂਦਾ ਸੀ ਇਹ ਉਹਨਾ ਨੂੰ ਕਦੇ ਸਮਝ ਨੀ ਲੱਗੀ। ਗੁਨੀਤ ਨੇ ਛੇੜਦਿਆਂ ਆਪਣੇ ਭਰਾ ਨੂੰ ਪੁੱਛਿਆ ਕਿ ਤੂੰ ਕਿਹੜਾ ਗਾਣਾ ਗਾ ਰਿਹਾ? ਪਰ ਉਹ ਚਿਹਰੇ ਤੇ ਟਕਰਾ ਰਹੀ ਤੇਜ਼ ਹਵਾ ਦਾ ਮਜ਼ਾ ਲੈਣ ਚ ਵਿਅਸਤ ਸੀ, ਉਹਨੂੰ ਦੇਖ ਗੁਨੀਤ ਤੇ ਉਹਦੇ ਮੰਮੀ ਹੱਸ ਰਹੇ ਸੀ।

ਪਿੰਡਾਂ ਵਾਲੀ ਬੱਸ ਆਪਣੀ ਗਤੀ ਨਾਲ ਬੜੀ ਹੌਲ਼ੀ ਹੌਲ਼ੀ ਚੱਲ ਰਹੀ ਸੀ। ਤੇ ਸ਼ੀਸ਼ੇ ਵਿੱਚੋਂ ਬਾਹਰ ਦਿਸਦੇ ਖੇਤਾਂ ਦਾ ਨਜ਼ਾਰਾ ਵੀ ਬਹੁਤ ਵਧੀਆ ਸੀ। ਸਰਦੀਆਂ ਦਾ ਮੌਸਮ ਸੀ ਤੇ ਖੇਤਾਂ ਵਿੱਚ ਪੀਲ਼ੀ ਸਰ੍ਹੋਂ ਖਿੜੀ ਹੋਈ ਸੀ।

ਰਾਹ ਵਿੱਚ ਬੱਸ ਕਈ ਪਿੰਡਾਂ ਦੇ ਬੱਸ ਅੱਡਿਆਂ ਤੇ ਰੁਕੀ। ਤੇ ਇੱਕ ਬੱਸ ਅੱਡੇ ਤੇ ਬੱਸ ਪਹੁੰਚਣ ਲੱਗੀ ਤਾਂ ਗੁਨੀਤ ਦੇ ਮੰਮੀ ਨੇ ਉਸ ਪਾਸੇ ਤੋਂ ਮੂੰਹ ਫੇਰ ਲਿਆ ਤੇ ਧੀਮੀ ਜਿਹੀ ਆਵਾਜ਼ ਵਿੱਚ ਕੁੱਝ ਆਪਣੇ-ਆਪ ਵਿੱਚ ਹੀ ਬੋਲੇ। ਗੁਨੀਤ ਨੂੰ ਕੁੱਝ ਸਮਝ ਤੇ ਨਹੀਂ ਸੀ ਆਈ, ਪਰ ਉਹਨੂੰ ਐਨਾ ਪਤਾ ਲੱਗ ਗਿਆ ਸੀ ਕਿ ਉਸ ਦੇ ਮੰਮੀ ਉਸ ਮੋੜ ਤੇ ਲੱਗੀ ਟਾਹਲੀ ਬਾਰੇ ਕੁੱਝ ਕਹਿ ਰਹੇ ਨੇ। ਤੇ ਗੁਨੀਤ ਛੋਟੀ ਸੀ ਉਹਨੇ ਐਨਾ ਕੋਈ ਖਾਸ ਧਿਆਨ ਨੀ ਦਿੱਤਾ। ਪਰ ਉਹ ਪੂਰੇ ਗੌਰ ਨਾਲ ਟਾਹਲੀ ਦੇ ਰੁੱਖ ਵੱਲ ਵੇਖ ਰਹੀ ਸੀ।

ਤੇ ਇਸ ਤੋਂ ਬਾਅਦ ਉਹ ਹਰ ਵਾਰ ਉਸ ਮੋੜ ਤੋਂ ਲੰਘਣ ਲੱਗਿਆਂ ਉਸ ਟਾਹਲੀ ਨੂੰ ਵੀ ਦੇਖਦੀ ਤੇ ਨਾਲ ਹੀ ਉਹ ਆਪਣੇ ਮੰਮੀ ਦੇ ਉਸ ਥਾਂ ਤੇ ਉਸ ਰੁੱਖ ਪ੍ਰਤੀ ਰਵੱਈਏ ਨੂੰ ਵੀ। ਕਿ ਉਹ ਉਸ ਥਾਂ ਵੱਲ ਇੱਕ ਨਜ਼ਰ ਵੀ ਨਹੀਂ ਸੀ ਦੇਖਣਾ ਚਾਹੁੰਦੇ। ਪਰ ਉਹ ਬੱਚੇ ਸੀ, ਜੀਵਨ ਦੀਆਂ ਕੁੱਝ ਗੱਲਾਂ ਸਮਝਣ ਲਈ।

ਕਈ ਸਾਲ ਬੀਤ ਗਏ ਤੇ ਗੁਨੀਤ ਵੱਡੀ ਹੋ ਚੁੱਕੀ ਸੀ। ਤੇ ਉਹਨਾਂ ਦਾ ਬੱਸ ਦਾ ਸਫਰ ਵੀ ਉਸ ਰਸਤੇ ਦਾ ਹੀ ਹੁੰਦਾ ਸੀ। ਜਿਸ ਵਿੱਚ ਉਹ ਮੋੜ ਤੇ ਉਸ ਤੇ ਲੱਗਿਆ ਉਹ ਟਾਹਲੀ ਦਾ ਦਰੱਖਤ ਆਉਂਦਾ ਹੀ ਸੀ।

ਫਰਕ ਇਹ ਸੀ ਕਿ ਹੁਣ ਗੁਨੀਤ ਵੱਡੀ ਹੋ ਚੁੱਕੀ ਸੀ। ਤੇ ਸਾਰੀਆਂ ਗੱਲਾਂ ਨੂੰ ਸਮਝਣ ਜਿੰਨੀ ਸਮਝਦਾਰ ਵੀ। ਤੇ ਇਸ ਵਾਰ ਉਹ ਆਪਣੇ ਮੰਮੀ ਦੇ ਉਸ ਥਾਂ ਤੋਂ ਨਜ਼ਰਾਂ ਹਟਾਉਣ ਨੂੰ ਨਹੀਂ ਸੀ ਦੇਖ ਰਹੀ, ਕਿਉਂਕਿ ਉਹ ਆਪ ਉਸ ਪਾਸੇ ਨਹੀਂ ਸੀ ਦੇਖਣਾ ਚਾਹੁੰਦੀ। ਉਹ ਹਰ ਵਾਰ ਉਸ ਪਾਸੇ ਉਦੋਂ ਤੱਕ ਨਾ ਵੇਖਦੀ ਜਦੋਂ ਤੱਕ ਉਹ ਥਾਂ ਲੰਘ ਨਾ ਜਾਂਦੀ। ਕਦੇ ਕਦੇ ਤਾਂ ਬੱਸ ਦਾ ਉੱਥੇ ਜਿਆਦਾ ਦੇਰ ਰੁਕਣਾ ਉਹਨਾਂ ਨੂੰ ਕਿਸੇ ਟੋਰਚਰ ਵਾਂਗ  ਲੱਗਦਾ।

ਉਹਨਾਂ ਦੇ ਇਸ ਵਰਤਾਓ ਦਾ ਕਾਰਨ ਸੀ ਕਿ ਗੁਨੀਤ ਦੇ ਪਾਪਾ ਦਾ ਉਸ ਮੋੜ ਤੇ ਐਕਸੀਡੈਂਟ ਹੋਇਆ ਸੀ ਤੇ ਉਸ ਟਾਹਲੀ ਹੇਠਾਂ ਉਹਨਾਂ ਨੇ ਆਪਣਾ ਆਖਰੀ ਸਾਹ ਲਿਆ ਸੀ। ਤੇ ਉਹ ਥਾਂ ਜਿਵੇਂ ਉਹਨਾਂ ਲਈ ਉਹ ਪੂਰਾ ਸੀਨ ਸੇਵ ਕਰੀ ਬੈਠੀ ਸੀ। ਲੋਕ ਕਹਿੰਦੇ ਨੇ ਕਿ ਜਾਣ ਵਾਲਾ ਚਲਾ ਜਾਂਦਾ, ਜ਼ਿੰਦਗੀ ਨੀ ਰੁਕਦੀ ਹੁੰਦੀ। ਪਰ ਜਦੋਂ ਕੋਈ ਜਾਨ ਤੋਂ ਪਿਆਰਾ ਜਾਂਦਾ ਤਾਂ ਉਸ ਨਾਲ ਜੁੜਿਆ ਹਰ ਅਹਿਸਾਸ ਖੁਸ਼ੀ, ਦੁੱਖ-ਤਕਲੀਫ ਸਭ ਉਸ ਇੱਕ ਪਲ ਵਿੱਚ ਹੀ ਰੁੱਕ ਕੇ ਰਹਿ ਜਾਂਦੇ ਨੇ। ਜਿਵੇਂ ਜ਼ਿੰਦਗੀ ਦਾ ਇਕ ਹਿੱਸਾ ਉਸ ਥਾਂ ਤੇ ਉਸ ਪਲ ਵਿੱਚ ਅਟਕ ਕੇ

ਰਹਿ ਜਾਂਦਾ। ਤੇ ਇਨਸਾਨ ਹਰ ਯਾਦ ਵਿੱਚ ਆਪਣੇ-ਆਪ ਨੂੰ ਉਸੇ ਵਖਤ ਤੇ ਉਸੇ ਥਾਂ ਤੇ ਖੜਾ ਮਹਿਸੂਸ ਕਰਦਾ। ਜਿਵੇਂ ਉਹ ਪਲ ਕਦੇ ਬੀਤਦਾ ਹੀ ਨਹੀਂ।

ਜਦੋਂ ਵੀ ਉਹ ਉਸ ਮੋੜ ਤੋਂ ਲੰਘਦੇ ਉਹ ਉਸ ਪਾਸੇ ਕਦੀ ਨਾ ਦੇਖਦੇ। ਉਸ ਇਲਾਕੇ ਤੋਂ ਦੂਰ ਜਾਂਦਿਆਂ ਉਹਨਾ ਨੇ ਉਸ ਪਾਸੇ ਸਫਰ ਕਰਨਾ ਘਟਾ ਦਿੱਤਾ। ਐਨਾ ਘਟਾ ਦਿੱਤਾ ਕਿ ਗੁਨੀਤ ਨੂੰ ਉਸ ਮੋੜ ਦੀ ਪਹਿਚਾਣ ਹੀ ਭੁੱਲ ਗਈ। ਜਦੋਂ ਕਦੇ ਉਸ ਪਾਸੇ ਜਾਂਦੇ ਤਾਂ ਉਹਨੂੰ ਪਤਾ ਹੀ ਨਾ ਲੱਗਦਾ ਕਿ ਉਹ ਥਾਂ ਕਦੋਂ ਲੰਘ ਗਈ। ਪਰ ਦਿਲ ਵਿੱਚ ਤਾਂ ਰਹਿੰਦਾ ਹੀ ਸੀ ਕਿ ਰਾਹ ਵਿੱਚ ਉਹ ਮੋੜ ਫੇਰ ਆਵੇਗਾ।

ਇੱਕ ਦਿਨ ਗੁਨੀਤ ਬੈਠੀ ਕੁੱਝ ਸੋਚ ਰਹੀ ਸੀ ਤੇ ਉਹਦੀ ਸੋਚ ਕਦੋਂ ਉਹਨੂੰ ਉਸ ਟਾਹਲੀ ਦੇ ਰੁੱਖ ਹੇਠ ਲੈ ਗਈ ਉਸਨੂੰ ਪਤਾ ਹੀ ਨਾ ਲੱਗਿਆ। ਪਰ ਇਸ ਵਾਰ ਉਹਦਾ ਵੇਖਣ ਦਾ ਨਜ਼ਰੀਆ ਵੱਖਰਾ ਸੀ। ਇਸ ਵਾਰ ਉਹਦੀਆਂ ਨਜ਼ਰਾਂ ਵਿੱਚ ਜਿਵੇਂ ਟਾਹਲੀ ਧੰਨਵਾਦ ਦੀ ਹੱਕਦਾਰ ਸੀ। ਉਹ ਦਰੱਖਤ ਜਿਹਨੇ ਆਖਰੀ ਘੜੀ ਵਿੱਚ ਗੁਨੀਤ ਦੇ ਪਾਪਾ ਨੂੰ ਸਹਾਰਾ ਦਿੱਤਾ। ਜਿਹਨੇ ਉਹਦੇ ਪਾਪਾ ਦੇ ਮੂੰਹੋਂ ਨਿਕਲੇ ਆਖਰੀ ਅਲਫਾਜ਼ ਸੁਣੇ ਹੋਣੇ। ਉਹਦੀ ਇਸ ਸੋਚ ਨੇ ਗੁਨੀਤ ਦਾ ਉਸ ਰੁੱਖ ਨੂੰ ਦੇਖਣ ਦਾ ਨਜ਼ਰੀਆ ਹੀ ਬਦਲ ਦਿੱਤਾ। ਸ਼ਾਇਦ ਉਹ ਇਸ ਵਾਰ ਉਸ ਮੋੜ ਤੋਂ ਲੰਘਦਿਆਂ ਉਸ ਰੁੱਖ ਨੂੰ ਸ਼ੁਕਰਾਨੇ ਦੀਆਂ ਨਜ਼ਰਾਂ ਨਾਲ ਵੇਖਦੀ।

ਅਚਾਨਕ ਇੱਕ ਦਿਨ ਉਹਨਾ ਦਾ ਉਸ ਸੜਕ ਤੋਂ ਗੁਜਰਨ ਦਾ ਸਬੱਬ ਬਣਿਆ। ਬੱਸ ਵਿੱਚ ਬੈਠ ਉਹ ਹਰ ਵਾਰ ਵਾਂਗ ਆਪਣੇ ਮੰਮੀ ਨਾਲ ਗੱਲਬਾਤ ਕਰਦੀ ਜਾ ਰਹੀ ਸੀ। ਤੇ ਉਸ ਥਾਂ ਦਾ ਚੇਤਾ ਉਸ ਦੇ ਮਨ ਵਿੱਚ ਦੂਰ ਦੂਰ ਤੱਕ ਨੀ ਸੀ। ਇੱਕ ਬੱਸ ਅੱਡੇ ਤੇ ਬੱਸ ਰੁਕੀ ਤਾ ਗੁਨੀਤ ਦੇ ਮੰਮੀ ਅਚਾਨਕ ਬੋਲੇ ਕਿ ਟਾਹਲੀ ਵੱਢਤੀ! ਤੇ ਗੁਨੀਤ ਨੇ ਇਕਦਮ ਨਜ਼ਰ ਘੁਮਾ ਕਿ ਵੇਖਿਆ ਤਾਂ ਉਹ ਥਾਂ ਖਾਲੀ ਪਈ ਸੀ, ਸੁਨਸਾਨ ਜਿਹੀ, ਜੋ ਉਹਨਾ ਦੇ ਦਿਲਾਂ ਨੂੰ ਪਹਿਲਾ ਨਾਲੋਂ ਕਿਤੇ ਵੱਧ ਨਿਰਮੋਹੀ ਤੇ ਠੇਸ ਦੇਣ ਵਾਲੀ ਲੱਗੀ।

ਤੇ ਇਸ ਤੋਂ ਗੁਨੀਤ ਨੇ ਇੱਕ ਗੱਲ ਸਿਖੀ ਕਿ ਇਸ ਜਹਾਨ ਤੇ ਕੁੱਝ ਵੀ ਸਦਾ ਨੀ ਰਹਿਣਾ। ਜੋ ਅੱਜ ਹੈ ਉਹਦਾ ਅਗਲੀ ਘੜੀ ਕੋਈ ਯਕੀਨ ਨੀ। ਤੇ ਸਾਨੂੰ ਜਿੰਦਗੀ ਵਿੱਚ ਹਰ ਇੱਕ ਸਥਿਤੀ ਨੂੰ ਕਦੇ ਵਿਹਲੇ ਬਹਿ ਕਿਸੇ ਹੋਰ ਨਜ਼ਰੀਏ ਨਾਲ ਜਰੂਰ ਦੇਖਣਾ ਚਾਹੀਦਾ, ਕਿਉਂਕਿ ਇਹ ਜਿੰਦਗੀ ਸ਼ਿਕਵੇ ਸ਼ਿਕਾਇਤਾਂ ਤੇ ਦੁੱਖਾਂ ਦੇ ਬੋਝ ਥੱਲੇ ਦੱਬ ਕੇ ਰਹਿਣ ਲਈ ਬਹੁਤ ਛੋਟੀ ਆ।

✿✿✿✿✿✿

# ਦੂਰ ਦੇ ਢੋਲ ਸੁਹਾਵਣੇ

ਪੁਰਾਣੇ ਸਮੇ ਦੀ ਗੱਲ ਹੈ ,ਇੱਕ ਪਿੰਡ ਵਿੱਚ ਇੱਕ ਜਿਮੀਦਾਰ ਮਾਘ ਸਿੰਘ ਆਪਣੇ ਪਰਿਵਾਰ ਨਾਲ ਰਹਿੰਦਾ ਸੀ। ਮਾਘ ਸਿੰਘ ਦੇ ਦੋ ਪੁੱਤਰ ਅਤੇ ਦੋ ਧੀਆਂ ਸਨ ਅਤੇ ਸਾਰੇ ਹੀ ਵਿਆਹੇ ਹੋਏ ਸਨ। ਮਾਘ ਸਿੰਘ ਦਾ ਵੱਡਾ ਮੁੰਡਾ ਕਰਮ ਸਿੰਘ ਜੋ ਕਿ ਸ਼ਕਲ ਤੋਂ ਜਿਨ੍ਹਾਂ ਭੋਲਾ ਬੰਣਦਾ ਸੀ ਉਨ੍ਹਾਂ ਹੀ ਚਲਾਕ ਸੀ,,,ਦਾ ਇੱਕ ਅਮੀਰ ਘਰ ਵਿੱਚ ਅਤੇ ਛੋਟਾ ਮੁੰਡਾ ਪਰਮ ਸਿੰਘ ਜੋ ਕਿ ਬਹੁਤ ਭਲਾਮਾਣਸ ਸੀ, ਪਰ ਲਾਈਲੱਗ ਸੀ ,, ਦਾ ਇੱਕ ਸਧਾਰਨ ਜਹੇ ਪਰਿਵਾਰ ਚ ਵਿਆਹ ਹੋਇਆ ਸੀ। ਘਰ ਵਿੱਚ ਜਿਆਦਾ ਕਰਮ ਸਿੰਘ ਅਤੇ ਉਸਦੀ ਘਰਵਾਲੀ ਮੀਤੋ ਦੀ ਹੀ ਚਲਦੀ ਸੀ ਕਿਓਂਕਿ ਮੀਤੋ ਦੇ ਪੇਕਿਆਂ ਨੇ ਦਾਜ ਵਿਚ ਸਾਈਕਲ ਦਿੱਤਾ ਸੀ। ਜਿਸ ਕਰਕੇ ਉਸਦਾ ਘਰ ਵਿਚ ਦਬਦਬਾ ਜਿਆਦਾ ਸੀ।

ਕਰਮ ਸਿੰਘ ਨੇ ਜਦੋ ਆਪਣੇ ਸੋਹਰੇ ਘਰੋਂ ਮਿਲ ਕੇ ਆਉਣਾ ਤਾਂ ਹਫਤਾ ਹਫਤਾ ਆਪਣੇ ਸੋਹਰਿਆ ਦੀ ਘਰ ਚ ਸਿਫਤਾਂ ਹੀ ਕਰੀ ਜਾਣੀਆਂ । ਕਰਮ ਸਿੰਘ ਨੇ ਆਪਣੇ ਪਿਓ ਨੂੰ ਕਹਿਣਾ ,"ਬਾਪੂ ਜਦੋ ਮੈਂ ਨੂਰਪੁਰ(ਕਰਮ ਸਿੰਘ ਦੇ ਸੋਹਰਿਆ ਦਾ ਪਿੰਡ) ਗਿਆ ਤਾਂ ਮੇਰੇ ਸੋਹਰਿਆ ਦਾ ਸਾਰਾ ਟੱਬਰ ਮੇਰੇ ਅੱਗੇ ਪਿੱਛੇ ਹੀ ਘੁੰਮੀ ਜਾਵੇ। ਮਿਠਾਈ ਦੇ ਨਾਲ ਮੈਨੂੰ ਚਾਹ

ਪਿਆਈ ਅਤੇ ਰਾਤ ਨੂੰ ਮੁਰਗੇ ਦੇ ਨਾਲ ਘਰ ਦੀ ਕੱਢੀ ਦੇਸੀ ਦਾਰੂ ਨੇ ਤਾਂ ਬੱਲੇ ਬੱਲੇ ਕਰਾ ਦਿੱਤੀ। ਇਨ੍ਹਾਂ ਇੱਜ਼ਤ ਮਾਣ ਕਰਦੇ ਕਿ ਤੈਨੂੰ ਕੀ ਦੱਸਾਂ।

ਕਰਮ ਸਿੰਘ ਦੀਆਂ ਗੱਲਾਂ ਜਦੋ ਉਸਦੇ ਛੋਟੇ ਭਰਾ ਪਰਮ ਨੇ ਸੁਣਨੀਆਂ ਤਾਂ ਉਸਨੇ ਆਪਣੀ ਘਰਵਾਲੀ ਬੰਸੋ ਨਾਲ ਲੜਨ ਲੱਗ ਜਾਣਾ । ਉਸਨੇ ਬੰਸੋ ਨੂੰ ਹਮੇਸ਼ਾ ਤਾਹਨੇ ਮੇਹਣੇ ਮਾਰਨੇ ਕਿ ਤੇਰੇ ਪੇਕੇ ਮੇਰੀ ਕਦਰ ਨਹੀਂ ਕਰਦੇ।ਦੇਖ ਬਾਈ ,ਦੇ ਸੋਹਰੇ ਉਸਦੀ ਕਿੰਨੀ ਪੁੱਛਗਿੱਛ ਕਰਦੇ ਹਨ ।

ਜਦੋ ਮੈਂ ਸੋਹਰੇ ਜਾਂਦਾ ਹਨ  ਤਾਂ ਤੇਰੇ ਪੇਕੇ ਮੇਰੇ ਅੱਗੇ ਚਾਹ ਨਾਲ ਬਿਸਕੁੱਟ ਧਰ ਦਿੰਦੇ ਨੇ ਅਤੇ ਰਾਤ ਨੂੰ ਮੁਰਗਾ ਬਣਾਉਣ ਦੀ ਜਗ੍ਹਾ ਪਨੀਰ ਅਤੇ ਇੱਕ ਸਬਜ਼ੀ ਬਣਾ ਰੋਟੀ ਖਵਾ ਦਿੰਦੇ ਨੇ। ਬੰਸੋ ਨੂੰ ਗੁੱਸਾ ਤਾਂ ਬਹੁਤ ਆਉਣਾ ਪਰ ਉਸਨੇ ਸਬਰ ਦਾ ਕੌੜਾ ਘੁੱਟ ਭਰ ਕੇ  ਬਸ ਇਕੋ ਗੱਲ ਕਹਿਣੀ,"ਜੀ ਮੇਰੇ ਪੇਕੇ  ਅਮ੍ਰਿੰਤਧਾਰੀ ਨੇ ,ਮੁਰਗਾ ਸ਼ਰਾਬ ਨਹੀਂ  ਵਾੜ ਸਕਦੇ ਘਰ।"ਪਰ ਜਿਨ੍ਹੇ ਜੋਗੇ ਹੈਗੇ ਤੁਹਾਡਾ ਵਾਧੂ ਸਤਿਕਾਰ ਕਰਦੇ ਨੇ।

ਐਵੇ ਕਿਸੇ ਦੇ ਮੂਹੋਂ ਵਡਿਆਈ ਸੁਣ,ਆਪਣੇ ਘਰ ਕਲੇਸ਼ ਨਹੀਂ ਪਾਈਦਾ। ਜਦੋ ਇਹੀ ਨਾ ਪਤਾ ਹੋਵੇ ਉਸ ਚ ਸਚਾਈ ਕਿੰਨੀ ਕੁ ਆ।

ਨਾਲੇ ਜੀ ਭਾਵੇ  ਰਿਸ਼ਤੇਦਾਰ ਗਰੀਬ ਹੋਣ ਪਰ ਜੇ ਘਰ ਗਿਆ ਨਾਲ ਪਿਆਰ ਨਾਲ ਵੀ ਬੋਲ ਪੈਣ ਤਾਂ ਉਹ ਇਹੋ ਜਹੇ ਖਾਣ ਪੀਣ ਨਾਲੋਂ ਵੀ ਵਧੀਆ ਹੈ। ਜੇ ਘਰ ਗਿਆ ਨਾਲ ਕੋਈ ਪਿਆਰ ਅਤੇ ਸਤਿਕਾਰ ਨਾਲ ਬੋਲਦਾ ਹੈ  ਤਾਂ ਕਿਸੇ ਦੁਆਰਾ ਦਿੱਤੀ ਅਚਾਰ ਨਾਲ ਰੋਟੀ ਵੀ ਸਵਾਦ ਲੱਗਦੀ ਹੈ । ਪਰ ਜੇ ਕੋਈ ਘਰ ਗਿਆ ਨਾਲ ਸਿੱਧੇ ਮੂੰਹ ਬੋਲੇ ਨਾ ,,ਤਾਂ ਇਹੋ ਜਹੇ ਸ਼ਾਹੀ ਪਕਵਾਨ ਵੀ ਗਲੋਂ ਨਹੀਂ ਉੱਤਰਦੇ।

ਪਰ ਬੰਸੋ ਦੀਆਂ ਗੱਲਾਂ ਦਾ ਪਰਮ ਤੇ ਕੋਈ ਅਸਰ ਨਹੀਂ ਸੀ। ਉਹ ਤਾਂ ਜਿਵੇਂ ਕੰਧ ਚ ਆਪਣਾ ਸਿਰ ਮਾਰ ਰਹੀ ਸੀ ।

ਪਰਮ ਤਾਂ ਬਸ ਆਪਣੇ ਬਾਈ ਦੇ ਮੂਹੋਂ ਉਸਦੇ ਸੋਹਰਿਆ  ਦੀਆਂ ਵਡਿਅਾਈਆਂ  ਸੁਣ  ਬੰਸੋ ਨਾਲ ਲੜਦਾ ਰਹਿੰਦਾ ਅਤੇ ਜਦੋ ਉਸਦੇ ਸੋਹਰੇ ਉਸਦੇ ਘਰ ਆਉਂਦੇ ਤਾਂ ਉਨ੍ਹਾਂ ਨਾਲ ਵੀ ਸਿੱਧੇ ਮੂੰਹ ਗੱਲ ਵੀ ਨਾ ਕਰਦਾ । ਕਈ ਵਾਰ ਤਾਂ ਉਨ੍ਹਾਂ ਦੇ ਆਉਣ ਤੋਂ ਪਹਿਲੇ ਹੀ ਘਰੋਂ ਨਿੱਕਲ ਜਾਂਦਾ। ਪਰਮ ਆਪਣੇ ਮਾਂ ਪਿਓ ਭਰਾ ਭਰਜਾਈ ਦੇ ਪਿਆਰ ਵਿੱਚ ਇਨ੍ਹਾਂ ਅੰਨ੍ਹਾ ਸੀ ਕਿ ਸਹੀ ਗਲਤ ਦੀ ਉਸਨੂੰ ਸਮਝ ਹੀ ਨਹੀਂ।

ਸਮਾਂ ਆਪਣੀ ਚਾਲ ਚੱਲਦਾ ਗਿਆ। ਇੱਕ ਦਿਨ ਕਰਮ ਅਤੇ ਪਰਮ, ਕਰਮ ਦੇ ਸੋਹਰਿਆ ਦੇ ਪਿੰਡ ਵੱਲ ਮੱਝ ਲੈਣ ਗਏ। ਪਰ ਰਸਤੇ ਚ ਮੀਹ

ਪੈਣ ਕਰਕੇ ਉਨ੍ਹਾਂ ਨੂੰ ਮਜਬੂਰਨ ਕਰਮ ਦੇ ਸੋਹਰੇ ਘਰ ਰਾਤ ਰਹਿਣ ਜਾਣਾ ਪਿਆ। ਪਰਮ ਬਹੁਤ ਖੁਸ਼ ਸੀ ਕਿ ਅੱਜ ਉਸਦੀ ਬਹੁਤ ਆਓ ਭਗਤ ਹੋਵੇਗੀ ਪਰ ਕਰਮ ਬਹੁਤ ਘਬਰਾਇਆ ਹੋਇਆ ਸੀ ਕਿਉਂ ਕੀ ਉਸਨੂੰ ਡਰ ਸੀ ਕੀਤੇ ਸੱਚ ਉਸਦੇ ਭਰਾ ਦੇ ਸਾਹਮਣੇ ਨਾ ਆ ਜਾਵੇ

ਜਦੋ ਦੋਨੋ ਭਰਾ ਕਰਮ ਦੇ ਸੋਹਰੇ ਘਰ ਪਹੁੰਚੇ ਤਾਂ ਕਿਸੇ ਨੇ ਉਨ੍ਹਾਂ ਦਾ ਜਿਆਦਾ ਚਾਅ ਨਹੀਂ ਕੀਤਾ। ਸਤਿ ਸ਼੍ਰੀ ਅਕਾਲ ਬੁਲਾ ਕੇ ਕਰਮ ਦੇ ਸਾਲੇ ਨੇ ਉਨ੍ਹਾਂ ਨੂੰ ਇੱਕ ਕਮਰੇ ਚ ਬਿਠਾ ਕੇ ਇਹ ਕਹਿ ਚਲਾ ਗਿਆ ਕਿ,"ਭਾਜੀ ਤੁਸੀਂ ਬੈਠੋ,ਮੈਂ ਗੁਵਾਂਢੀਆਂ ਦੇ ਮੁੰਡੇ ਨਾਲ ਕੀਤੇ ਵਿਆਹ ਜਾਣਾ ਹੈ ਅਤੇ ਕਮਰੇ ਚੋਂ ਬਾਹਰ ਨਿੱਕਲ ਆਪਣੀ ਮਾਂ ਨੂੰ ਅਵਾਜ ਮਾਰ ਦੱਸ ਦਿੰਦਾ ਹੈ ਕਿ ਮੀਤੋ ਦਾ ਘਰਵਾਲਾ ਆਇਆ ਹੈ।

ਕਰਮ ਦੀ ਸੱਸ ਦੂਜੇ ਕਮਰੇ ਚੋਂ ਆ ਕੇ ਕਰਮ ਹੋਣਾ ਦੇ ਕੋਲ ਡੱਠੇ ਦੂਜੇ ਮੰਜੇ ਕੋਲ ਬੈਠਦੀ ਬੋਲੀ, "ਹੋਰ ਪੁੱਤ,ਸੁਣਾਓ..! ਘਰ ਕਿਵੇਂ ਸਭ?"

ਕਰਮ ਅਤੇ ਪਰਮ ਵਾਰੋ ਵਾਰੀ ਕਰਮ ਦੀ ਸੱਸ ਦੇ ਪੈਰੀ ਹੱਥ ਲਾਉਂਦੇ ਹਾਂ ਅਤੇ ਕਰਮ ਬੋਲਦਾ ਹੈ,"ਸਭ ਵਧੀਆ।"

ਤੁਸੀਂ ਸੁਣਾਓ!ਮਾਤਾ ਜੀ ਕਿਵੇਂ ਹੋ ?

ਮੈਂ ਵੀ ਵਧੀਆ ਪੁੱਤ । ਜਿਹੜਾ ਸਮਾਂ ਨਿੱਕਲੀ ਜਾਂਦਾ ਹੈ ।

“ਤੁਸੀਂ ਇੱਧਰ, ਇਸ ਵੇਲੇ ਕਿਵੇਂ ਆਉਣਾ ਹੋਇਆ? ਸਭ ਸੁਖ ਸਾਂਦ ਤਾਂ ਹੈ”,ਕਰਮ ਦੀ ਸੱਸ ਨੇ ਪ੍ਰੇਸ਼ਾਨ ਹੁੰਦੀ ਨੇ ਪੁੱਛਿਆ ।

ਬਸ ਮਾਤਾ ਜੀ ਮੱਝ ਲੈਣ ਆਏ ਸੀ । ਰਸਤੇ ਚ ਮੀਹ ਪੈਣ ਲੱਗ ਗਿਆ ਤਾਂ ਆਉਣਾ ਹੋਇਆ ਇੱਧਰ। ਜੇ ਹਨੇਰੀ ਝੱਖੜ ਨਾ ਹੁੰਦਾ ਤਾਂ ਵਾਪਸ ਮੁੜ ਜਾਣਾ ਸੀ ,ਕਰਮ ਆਪਣੀ ਸੱਸ ਨੂੰ ਬੋਲਿਆਂ ।

ਇਨ੍ਹੇ ਨੂੰ ਕਰਮ ਦੀ ਸਾਲੇਹਾਰਣ ਚਾਹ ਦੇ ਗਲਾਸ ਇੱਕ ਟਰੇਅ ਚ ਰੱਖ ਕੇ ਲੈ ਆਈ ਅਤੇ ਕਰਮ ਪਰਮ ਦੇ ਅੱਗੇ ਕਰਦੀ ਬੋਲੀ,"ਸਤਿ ਸ੍ਰੀ ਅਕਾਲ ਭਾਜੀ, ਆਹ ਲੋ ਚਾਹ।"ਚਾਹ ਦੇ ਕੇ ਉਹ ਫਿਰ ਵਾਪਸ ਰਸੋਈ ਚ ਜਾ ਕੰਮ ਕਰਨ ਲੱਗ ਗਈ।

ਰਾਤ ਨੂੰ ਮੂੰਗੀ ਮਸਰੀ ਦੀ ਦਾਲ ਨਾਲ ਕਰਮ ਅਤੇ ਪਰਮ ਨੂੰ ਉਸਦੇ ਸੋਹਰਿਆ ਨੇ ਰੋਟੀ ਖਵਾ ਦਿੱਤੀ।

ਪਰਮ ਇਹ ਸਭ ਦੇਖ ਕੇ ਹੈਰਾਨ ਤਾਂ ਸੀ ਪਰ ਕੁੱਝ ਬੋਲਿਆ ਨਹੀਂ,,ਕਿਓਂਕਿ ਉਸਦੇ ਦਿਮਾਗ ਚ ਆਪਣੇ ਬਾਈ ਦੇ ਸੋਹਰਿਆ ਨੂੰ ਲੈ ਕੇ ਜੋ ਇੱਕ ਤਸਵੀਰ ਬਣੀ ਹੋਈ ਸੀ ਜੋ ਹੁਣ ਕੱਚ ਵਾਂਗ ਟੁੱਟ ਰਹੀ ਸੀ। ਦੂਜੇ ਦਿਨ ਤੜਕੇ ਹੀ ਪਰਮ ਅਤੇ ਕਰਮ ਸਭ ਨੂੰ ਮਿਲ ਕੇ ਆਪਣੇ ਘਰ

ਆਉਣ ਲਈ ਤੁਰ ਪਏ । ਦੁਪਹਿਰ ਨੂੰ ਜਦੋ ਉਹ ਘਰ ਪਹੁੰਚੇ ਤਾਂ ਦੋਨੋਂ ਹੀ  ਗੁੰਮਸੁੰਮ ਸਨ ਕਿਉਂਕਿ ਕਰਮ ਕੋਲ ਕਹਿਣ ਨੂੰ ਕੁੱਝ ਨਹੀਂ ਸੀ। ਅੱਜ ਤੱਕ ਆਪਣੇ ਸੋਹਰਿਆ ਨੂੰ ਲੈ ਕੇ ਬੋਲੇ ਝੂਠ ਦੀ ਪੋਲ ਖੁੱਲ ਚੁੱਕੀ ਸੀ। ਅੱਜ ਉਸਦਾ ਭਰਾ ਜਾਣ ਚੁੱਕਿਆ ਸੀ ਕਿ ਉਸਦੇ ਬਾਈ ਦੀ ਉਸਦੇ ਸੋਹਰੇ ਘਰ ਕਿੰਨੀ ਕਦਰ ਹੈ । ਇਸ ਲਈ ਉਸਨੇ ਘਰ ਪਹੁੰਚ ਆਪਣੇ ਸੋਹਰੇ ਘਰ ਦੀ ਝੂਠੀ ਵਡਿਆਈ ਕਰਨ ਤੋਂ ਪਰਹੇਜ ਹੀ ਕੀਤਾ।

ਪਰ ਪਰਮ ਆਪਣੇ ਦਿਲ ਦਿਮਾਗ ਅੰਦਰ ਚਲ ਰਹੇ ਪਛਤਾਵੇ ਦੇ ਵਰੋਲਿਆਂ ਨੂੰ ਰੋਕ ਨਹੀਂ ਸਕਿਆ ਅਤੇ ਉਸਨੇ ਸਭ ਦੇ ਸਾਹਮਣੇ ਦੋਨੋ ਹੱਥ ਜੋੜ  ਆਪਣੀ ਘਰਵਾਲੀ ਤੋਂ ਆਪਣੀਆਂ ਗ਼ਲਤੀਆਂ ਲਈ ਜੋ ਉਸਨੇ ਆਪਣੇ ਸੋਹਰਿਆ ਅਤੇ ਬੰਸੋ ਨਾਲ ਗਲਤ ਵਿਵਹਾਰ ਕੀਤਾ ,ਉਸ ਲਈ  ਮਾਫੀ ਮੰਗੀ। ਪਰਮ ਦੀ ਘਰਵਾਲੀ ਬੰਸੋ ਨੇ ਆਪਣੇ ਪਤੀ ਦੀਆਂ ਅੱਖਾਂ ਵਿੱਚ ਗਲਤੀ ਦਾ ਪਛਤਾਵਾ ਦੇਖ  ਬਸ ਇਨ੍ਹਾਂ ਹੀ ਕਿਹਾ,"ਜੀ ਮੈਂ ਤਾਂ ਤੁਹਾਨੂੰ ਪਹਿਲਾ ਵੀ ਕਹਿੰਦੀ ਰਹਿੰਦੀ ਹਾਂ ਕਿ ਰਾਹ ਪਿਆ ਜਾਣੀਏ ਜਾਂ ਵਾਹ ਪਿਆ ।" ਕਿਸੇ ਦਾ ਓਦੋਂ ਪਤਾ ਲੱਗਦਾ ਜਦੋ ਵਾਹ ਪੈਂਦਾ ਹੈ। ਐਵੇ ਕਿਸੇ ਦੇ ਉੱਚੇ ਮਕਾਨ ਦੇਖ ਅਤੇ ਫੋਕੀ ਵਡਿਆਈ ਸੁਣ ਕੇ ਕਿਸੇ ਦੇ

ਵਿਵਹਾਰ ਦਾ ਅੰਦਾਜ਼ਾਂ ਨਹੀਂ ਲਾਉਣਾ ਚਾਹੀਦਾ।

ਸਿਆਣਿਆਂ ਨੇ ਇਵੇ ਨਹੀਂ ਕਿਹਾ,"ਦੂਰ ਦੇ ਢੋਲ ਸੋਹਾਵਣੇ ਲੱਗਦੇ ਨੇ।

✿✿✿✿✿✿

# ਡਿਜੀਟਲ ਸੱਦਾ ਪੱਤਰ

ਨੀ ਭੈਣ ਅਮਰੋ,ਨੀ ਭੈਣ ਘਰੇ ਹੀ ਆ,ਬਿਸ਼ਨੋ ਨੇ ਘਰ ਦੇ ਗੇਟ ਅੰਦਰ ਵਿਹੜੇ ਵਿੱਚ ਵੜਦੀ ਬੋਲੀ ਰਸੋਈ ਚੋਂ ਪਾਣੀ ਦਾ ਗਲਾਸ ਹੱਥ ਚ ਫੜ ਬਾਹਰ ਨਿਕਲਦੀ ਅਮਰੋ ਬੋਲੀ,"ਆਜਾ ਭੈਣ ਲੰਘਿਆਂ ਅੱਗੇ । ਘਰੇ ਹੀ ਆ ,ਹੋਰ ਇਨ੍ਹੀ ਠੰਡ ਚ ਕਿੱਥੇ ਜਾਣਾ|"

ਆਜਾ ਬੈਠ ਜਾ ਮੰਜੇ ਤੇ ।

"ਹੋਰ ਸੁਣਾ !! ਘਰੇ ਸਭ ਠੀਕ ਨੇ",ਅਮਰੋ ਬੋਲੀ।

ਹਾਂ ਭੈਣ!! ਸਭ ਵਧੀਆ|

ਬਸ ਘਰੇ ਇਕੱਲੀ ਬੈਠੀ ਸਾਂ,ਮਨ ਭਾਰਾ ਹੋਈ ਜਾਂਦਾ ਸੀ| ਸੋਚਿਆ ਮਨਾ ਇਕੱਲੀ ਕਿਓਂ ਬਹਿਣਾ| ਭੈਣ ਨੂੰ ਮਿਲ ਆਉਂਦੀ ਹਾਂ ।

"ਮਹੀਨੇ ਤੋਂ ਉੱਪਰ ਟੱਪ ਗਿਆ ,ਨਾ ਭੈਣ ਆਈ ਅਤੇ ਨਾ ਮੇਰਾ ਗੇੜਾ ਵੱਜਾ ਓਹਦੇ ਵੱਲ",ਬਿਸ਼ਨੋ ਨੇ ਉਦਾਸ ਹੁੰਦੀ ਨੇ ਕਿਹਾ|

ਆਹੋ ਭੈਣ....!! ਵਧੀਆ ਕੀਤਾ ਆ ਗਈ|

ਮੈਂ ਵੀ ਗਈ ਹੋਈ ਸੀ, ਰੱਜੀ ਕੋਲ| ਓਹਦੀ ਨੂੰਹ ਦੇ ਜਵਾਕ ਹੋਇਆ ਆ । ਕਹਿੰਦੀ

ਮਾਤਾ ਸਵਾ ਮਹੀਨਾ ਟਪਾ ਜਾ। ਇਕੱਲੀ ਕਾਹਰੀ ਹੈਗੀ ਆ ।

ਕੀ ਕੀ ਕਰੇ ਵਿਚਾਰੀ..? ਸੱਸ ਹੋਵੇ ਤਾਂ ਹੋਰ ਗੱਲ ਆ । ਪਰ ਸੱਸ ਵੀ ਪੂਰੀ ਉਮਰ ਭੋਗਣ ਤੋਂ ਪਹਿਲਾ ਹੀ ਇਸ ਜਹਾਨੇ ਤੁਰ ਗਈ। ਉੱਤੋਂ ਨੂੰਹ ਦੀ ਵੀ ਮਾਂ ਛੋਟੀ ਉਮਰੇ ਧੀ ਨੂੰ ਛੱਡ ਰੱਬ ਕੋਲ ਤੁਰ ਗਈ ਸੀ। ਕੋਈ ਹੈ ਨਹੀਂ ਸੀ ਓਹਦੇ ਕੋਲ ਦਿਨ ਟਪਾਉਣ ਨੂੰ,ਤਾਂ  ਮੈਨੂੰ ਓਥੇ ਜਾਣਾ ਪਿਆ। ਪਰਸੋ ਹੀ ਆਈ ਆ, ਅਜੇ ਭੈਣੇ। ਸ਼ਿੰਦਾ ਗੱਡੀ ਚ ਜਾ ਕੇ ਲੈ ਆਇਆ ਸੀ।

"ਹੋਰ ਤੂੰ ਦੱਸ....! ਭੈਣੇ, ਪ੍ਰੇਸ਼ਾਨ ਲੱਗਦੀ ਆ ਮੈਨੂੰ ਥੋੜਾ",ਅਮਰੋ ਨੇ  ਬਿਸ਼ਨੀ ਦੇ ਮੋਢੇ ਤੇ ਹੱਥ ਰੱਖਦੀ ਬੋਲੀ।

ਟੱਬਰ ਤਾਂ ਠੀਕ ਆ ਸਾਰਾ। ਹਾਂ ਭੈਣੇ ,ਸਭ ਠੀਕ ਆ। ਮੈਂ ਤਾਂ  ਬਸ ਆਹ ਜੋ ਨਵੇਂ ਜਮਾਨੇ ਦੇ ਰੀਤੀ ਰਿਵਾਜ ਦੇਖ ਦੇਖ ਹੈਰਾਨ ਰਹੀ ਜਾਂਦੀ ਆ।

ਕਿੰਨਾ ਵਧੀਆ ਸਮਾਂ ਸੀ ਪਹਿਲਾਂ? ਵਿਆਹ ਹੋਣਾ ਤਾਂ ਘਰ ਚ  ਰੌਣਕਾਂ ਲੱਗ ਜਾਣੀਆਂ। "ਸਭ ਨੂੰ ਚਾਅ ਚੜ੍ਹ ਜਾਣਾ ਗੋਡੇ ਗੋਡੇ ਕੇ ਸਾਰੇ ਇਕੱਠੇ ਹੋਵਾਂਗੇ" ,ਚਿਹਰੇ ਤੇ ਹਲਕੀ ਜਹੀ ਮੁਸਕਾਨ ਲਿਆ ਕੇ ਬਿਸ਼ਨੋ ਬੋਲੀ।

ਗੱਲ ਕੀ ਹੋਈ ਆ ਭੈਣੇ ,,,,,,? ਕੀ ਬੁਝਾਰਤਾਂ ਪਾਈ ਜਾਂਦੀ ਆ ?"ਨਾਲੇ ਆਹ,ਅੱਜ ਕਾਹਤੋਂ ਤੈਨੂੰ ਆਪਣਾ ਵੇਲਾ ਯਾਦ ਆ ਰਿਹਾ ਹੈ",ਅਮਰੋ ਹੈਰਾਨ ਹੁੰਦੀ ਬੋਲੀ।

ਤੈਨੂੰ ਦੱਸਿਆ ਸੀ ਨਾ.....!! ਮੇਰੇ ਨਨਾਣ ਪ੍ਰੀਤੋ ਦੇ ਪੋਤਰੇ ਦਾ ਵਿਆਹ ਚੜ੍ਹਦੇ ਨਵੇਂ ਸਾਲ ਜਨਵਰੀ ਮਹੀਨੇ ਦਾ ਧਰਿਆ ਹੈ।

ਆਹੋ ਭੈਣੇ ....!! ਦੱਸਿਆ ਸੀ ਤੂੰ, ਦੋ ਮਹੀਨੇ ਪਹਿਲਾਂ ।

ਕਿਓਂ....? ਕੀ ਹੋਇਆਂ ..?ਵਿਆਹ ਤਾਂ ਵਧੀਆ ਹੋ ਗਿਆ ਨਾ,,,,,,,,ਅਮਰੋ ਚਿੰਤਾ ਜਤਾਉਂਦੀ ਬੋਲੀ।

ਕਾਹਦਾ ਵਿਆਹ ਭੈਣੇ। ਕੀ ਦੱਸਾਂ ਤੈਨੂੰ......?ਕੀ ਹੋਇਆ ਵਿਆਹ ਚ.....? ਬਿਸ਼ਨੋ ਭਰੇ ਮੰਨ ਨਾ ਬੋਲੀ।

ਦੱਸ ਭੈਣੇ ਗੱਲ ਕੀ ਹੋਈ..? ਐਵੇ ਗੱਲਾਂ ਘੁਮਾ ਨੇ ਨਾ ਕਰ,ਸਿੱਧਾ ਸਿੱਧਾ ਦੱਸ ਅਮਰੋ ਨੇ ਬੋਲੀ ।

ਭੈਣੇ ਆਪਣੇ ਸਮਿਆਂ ਚ ਜੇ ਕਿਸੇ ਰਿਸ਼ਤੇਦਾਰੀ ਚ ਵਿਆਹ ਘਰ ਧਰਿਆ ਹੋਣਾ ਤਾਂ ਵਿਆਹ ਦਾ ਕਾਰਡ ਦੇਣ ਆਉਣਾ ਘਰੇ,ਉਨ੍ਹਾਂ ਨੇ । ਨਾਲੇ

ਕਾਰਡ ਦੇਣਾ ਅਤੇ ਕਹਿ ਕੇ ਜਾਣਾ ਕਿ ਵਿਆਹ ਤੇ ਸਾਰੇ ਆਇਓ ,ਤਿੰਨ ਚਾਰ ਦਿਨ ਪਹਿਲਾ ।

ਪਰ ..?

ਪਰ ਕੀ ਭੈਣੇ..? ਕੀ ਹੋਇਆ ..? ਖੁੱਲ ਕੇ ਬੋਲ ,,,,,,,

ਐਵੇ ਬੁਝਾਰਤਾਂ ਨਾ ਪਾਈ ਜਾ,ਚਿੰਤਾ ਜਤਾਉਂਦੀ ਅਮਰੋ ਬੋਲੀ।

ਹੋਣਾ ਕੀ ਆ ਭੈਣੇ ..?

ਸਾਡੇ ਦੋਹਤੇ ਸੁੱਖੇ  ਨੇ ਫੋਨ ਕੀਤਾ ,ਹਰਨਾਮੇ ਦੇ ਬਾਪੂ ਨੂੰ ਅਤੇ ਕਹਿੰਦਾ,"ਮਾਮਾ ਜੀ ਅਸੀਂ ਕਰਨ ਦਾ ਵਿਆਹ ਧਰ ਦਿੱਤਾ 18 ਜਨਵਰੀ ਦਾ।" ਆ ਜਾਇਓ ਵਿਆਹ,,,,,

ਇੱਕ ਤਾਂ ਮਾਮਾ ਜੀ ਦਿਨ ਛੋਟੇ ਆ ਅਤੇ ਦੂਜਾ ਕੰਮ ਬਹੁਤ ਆ ਘਰ। ਕਾਰਡ ਤਾਂ ਦੇਣ ਆ ਨਹੀਂ ਹੋਣਾ ।

ਤੁਹਾਨੂੰ ਵਿਆਹ ਵਾਲੇ ਕਾਰਡ ਦੀ ਫੋਟੋ  ਵਟਸਐੱਪ ਤੇ ਭੇਜਦਾ ਗੇਂ । ਪਤਾ ਲੱਗਜੂ ਕਿ ਕਿੱਥੇ ਕੁ ਆ ਪੈਲਸ।

ਨਾ ਉਸਨੇ ਕਿਹਾ ਮਾਮਾ ਜੀ ਘਰੇ ਆਇਓ ,,,ਨਾ ਕੁੱਝ ਹੋਰ ,,,,

ਬਸ ਇਨ੍ਹਾਂ ਕਹਿ ਫੋਨ ਕੱਟ ਦਿੱਤਾ,ਭਰੀਆਂ ਅੱਖਾਂ ਨਾਲ ਬਿਸ਼ਨੋ  ਬੋਲੀ।

"ਲੈ ਦੱਸ,ਭਲਾ ਇਹ ਵਿਆਹ ਸੱਦਿਆ ਸੀ ਕਿ ਗਲੋਂ ਲਾਹਿਆ ਉਨ੍ਹਾਂ ਨੇ,ਆਵਾ ਹੀ ਉਤਿਆਂ ਪਿਆ ਆ,,,ਅੱਜ ਕੱਲ ਤਾਂ ਲੋਕਾਂ ਦਾ",ਖਿੱਝਦੀ ਹੋਈ ਅਮਰੋ ਬੋਲੀ।

ਫਿਰ ਭੈਣੇ , ਤੁਸੀਂ ਕਿਵੇਂ ਕੀਤਾ...?ਪੈਲਸ ਚ ਗਏ ਜਾਂ ਘਰ ,,,,,,,

ਨਹੀਂ ਭੈਣੇ, ਘਰ ਹੀ ਜਾਣਾ ਪਿਆ । ਪ੍ਰੀਤੋ ਦਾ ਫੋਨ ਆਇਆ ਸੀ,ਆਪਣੇ ਭਰਾ ਨੂੰ ।

ਕਹਿੰਦੀ ਵੀਰੇ ਘਰ ਆਇਓ। ਮੈਂ ਬਿਮਾਰ ਰਹਿੰਦੀ ਆ ਮੇਰੇ ਕੋਲ ਤਾਂ ਆ ਜਾ ਨਹੀਂ ਹੁੰਦਾ ਕੀਤੇ ਹੁਣ । ਇਸੀ ਬਹਾਨੇ ਦੋ ਘੜੀਆਂ ਬਹਿ ਗੱਲਾਂ ਕਰ ਲਾ ਗਏ,ਮਿਲਣਾ ਹੋਜੂ।

ਕੀ ਪਤਾ..? ਰੱਬ ਨੇ ਕਦੋ ਬੁਲਾ ਲੈਣਾ ਆ,ਇਨ੍ਹਾਂ ਕਹਿ ਹੋਕਾ ਭਰਨ ਲੱਗ ਗਈ। ਫਿਰ ਹਰਨਾਮੇ ਦੇ ਬਾਪੂ ਦਾ ਵੀ ਰੁੱਗ ਭਰ ਆਇਆ ਅਤੇ ਉਸਨੇ ਕਹਿ ਦਿੱਤਾ,"ਕੋਈ ਨਾ ਪ੍ਰੀਤੋ ਅਸੀਂ ਘਰੇ ਹੀ ਆਵਾਂਗੇ।" ਰਹਾਂਗੇ ਤੇਰੇ ਕੋਲ ਦੋ ਦਿਨ।

ਭੈਣ ਮੇਰੀਏ ਤੋਂ ਮੰਨ ਨਾ ਭਰ । ਤੇਰਾ ਭਰਾ ਹੈਗਾ ਅਜੇ। ਮੈਂ ਤਾਂ ਭਰਜਾਈ ਤੇਰੀ ਆ ਜਵਾਂਗੇ ਦੋ ਦਿਨ ਪਹਿਲਾਂ,ਇਨਾਂ ਕਹਿ ਇਨ੍ਹਾਂ ਨੇ ਫੋਨ

ਕੱਟ ਦਿੱਤਾ ਭੈਣੇ। ਅਮਰੋ ਅੱਖਾਂ ਭਰਦੀ ਬੋਲੀ,"ਸਹੀ ਕੀਤਾ ਭੈਣੇ ਵੀਰ ਨੇ।" ਮਾਪਿਆਂ ਤੋਂ ਬਾਅਦ ਭਰਾ ਭਰਜਾਈਆਂ ਹੀ ਹੁੰਦੇ ਨੇ ਜੋ ਮਾਪਿਆਂ ਦੀ ਜਗ੍ਹਾ ਖੜਦੇ ਨੇ। ਨਾਲੇ ਭੈਣ ਭਾਈ ਦਾ ਤਾਂ ਨੂੰਹ ਮਾਸ ਵਾਲਾ ਰਿਸ਼ਤਾ ਹੁੰਦਾ ਹੈ ਜੋ ਜਿੰਦੇ ਜੀ ਨਹੀਂ ਟੁੱਟਦਾ।

ਮੇਰਾ ਦੇਖਲਾ,ਮਾਪਿਆਂ ਦੀ ਇਕਲੌਤੀ ਧੀ ਸੀ। ਜਿਨ੍ਹਾਂ ਚਿਰ ਬੇਬੇ ਬਾਪੂ ਜਿਓਂਦੇ ਸੀ,ਆਉਂਦੇ ਰਹੇ। ਹੁਣ ਪਿੱਛੇ ਹੈ ਹੀ ਨਹੀਂ ਕੋਈ ਤਾਂ ਆਉਣਾ ਕਿੰਨੇ ਆ।"ਇਹ ਤਾਂ ਸੱਚ ਕਿਹਾ ਭੈਣੇ ਤੂੰ",ਬਿਸ਼ਨੋ ਬੋਲੀ। ਫਿਰ ਮੈਂ ਤਾਂ ਹਰਨਾਮੇ ਦਾ ਬਾਪੂ ਤਾਂ ਮੁੰਡੇ ਦੇ ਮਾਈਏ ਵਾਲੇ ਦਿਨ ਬੱਸੇ ਹੀ ਚਲੇ ਗਏ ਸੀ। ਇੱਕ ਤਾਂ ਭੈਣੇ ਉਸ ਦਿਨ ਠੰਡ ਬਹੁਤ ਸੀ।

ਜਦੋ ਅਸੀਂ ਪਹੁੰਚੇ ਪ੍ਰੀਤੋ ਦੇ ਘਰ ਤਾਂ ਓਥੇ ਤਾਂ ਚੁੱਪਚਾਪ ਪਸਰੀ । ਕਾਂ ਤੱਕ ਨਾ ਬੋਲੇ। ਬਸ ਕੰਮ ਕਰਨ ਵਾਲੀਆਂ ਤੁਰੀਆਂ ਫਿਰਨ।

ਸਾਂਨੂੰ ਘਰੇ ਤਾਂ ਕੋਈ ਆਪਣਾ ਜੀਅ ਦਿਸੇ ਨਾ ।

ਅਸੀਂ ਸਿੱਧਾ ਭੈਣ ਪ੍ਰੀਤੋ ਦੇ ਕਮਰੇ ਚ ਚਲੇ ਗਏ। ਭੈਣ ਮੰਜੇ ਤੇ ਰਜਾਈ ਚ ਬੈਠੀ ਸੀ। ਭੈਣ ਨੂੰ ਤਾਂ ਚਾਅ ਹੀ ਚੜ੍ਹ ਗਿਆ,ਹਰਨਾਮੇ ਦੇ ਬਾਪੂ ਨੂੰ ਦੇਖ। ਮੰਜੇ ਤੋਂ ਉੱਠ ਘੁੱਟ ਕੇ ਜੱਫੀ ਪਾ ਲਈ ਆਪਣੇ ਵੀਰ ਨੂੰ ਅਤੇ

ਨਾਲ ਹੀ ਅੱਖਾਂ ਭਰ ਆਈਆਂ । ਕਹਿੰਦੀ ਵੀਰੇ ਤੂੰ ਤਾਂ ਠਰਿਆ ਪਿਆ ਆ । ਬੈਠ ਰਜਾਈ ਚ ,ਨਿੱਘ ਚੜ੍ਹੇ ਤੈਨੂੰ ਥੋੜਾ,,,,,,

ਫਿਰ ਓਹਨੇ ਇੱਕ  ਕੰਮ ਕਰਨ ਵਾਲੀ ਨੂੰ ਅਵਾਜ ਮਾਰ ਚਾਹ ਬਣਾਉਣ ਨੂੰ ਕਿਹਾ। ਫਿਰ ਇਨ੍ਹਾਂ ਨੇ ਭੈਣ ਨੂੰ ਪੁੱਛਿਆ,"ਹੋਰ ਪ੍ਰੀਤੋ ਸਿਹਤਾਂ ਕਿਵੇਂ ਤੇਰੀਆਂ ?" ਭੈਣ ਕਹਿੰਦੀ ਵੀਰੇ ਠੀਕ ਹੀ ਆ ਜਿਹੜਾ ਵੇਲਾ ਲੰਘਿਆ ਜਾਂਦਾ। ਫਿਰ ਹਰਨਾਮੇ ਦਾ ਬਾਪੂ ਹੈਰਾਨ ਹੁੰਦੇ ਪ੍ਰੀਤੋ ਨੂੰ ਬੋਲਿਆ ,"ਪ੍ਰੀਤੋ ਇੱਕ  ਗੱਲ ਦੱਸ ,ਸੱਚੀ ਵਿਆਹ ਹੈਗਾ ਤੁਹਾਡੇ ਘਰ।" ਪ੍ਰੀਤੋ ਹੈਰਾਨ ਹੁੰਦੀ ਬੋਲੀ,"ਆਹੋ ਵੀਰ,ਕਿਓਂ ਤੈਨੂੰ ਨਹੀਂ ਲੱਗਦਾ...?"

ਨਹੀਂ ਭੈਣ,ਕੋਈ ਜੀਅ  ਦਿੱਸਦਾ ਤਾਂ ਪਿਆ ਨਹੀਂ ਘਰ, ਤਾਂ ਪੁੱਛਿਆ ਆ। ਵੀਰੇ ਕੁੜੀਆਂ ਸਾਰੀਆਂ ਪਾਰਲਰ ਗਈਆਂ ਨੇ,ਸਵੇਰ ਦੀਆਂ ।

ਬਸ ਆਉਣ ਵਾਲੀਆਂ ਹੋਣੀਆਂ ਨੇ। ਕਰਨ ਵੀ ਇੱਥੇ ਹੋਣਾ ਆਪਣੇ ਦੋਸਤਾਂ ਨਾਲ । ਤੇਰਾ ਦੋਹਤਾ ਪੈਲਸ ਚ ਗਿਆ ਹੈ ਪਤਾ ਕਰਨ। ਕੱਲ ਸ਼ਗੁਨ ਓੱਥੇ ਲੱਗਣਾ ਹੈ ਨਾ,ਪ੍ਰੀਤੋ ਬੋਲੀ। ਰਿਸ਼ਤੇਦਾਰ ਵੀ ਕੋਈ ਨਹੀਂ ਦਿੱਸ ਰਹੇ । ਆਇਆ ਨਹੀਂ ਭੈਣੇ ਕੋਈ ,ਮੈਂ ਹੈਰਾਨੀ ਨਾਲ ਪੁੱਛਿਆ। ਭੈਣ ਕਹਿੰਦੀ ਭਾਬੀ,ਅੱਜ ਕੱਲ ਸਾਰੇ ਇਕੱਲੇ ਕੇਰੇ ਨੇ । ਕਿੱਥੇ ਸਮਾਂ ਕਿਸੇ ਕੋਲ ਰਾਤਾਂ ਠਹਿਰਨ ਦਾ । ਕੱਲ ਆਉਣਗੇ ਸਾਰੇ ਪੈਲਸ ਚ ਸਿੱਧੇ। ਨਾਲੇ ਤੈਨੂੰ ਪਤਾ

ਹੀ ਆ ਸ਼ਹਿਰਾਂ ਚ ਨਿੱਕੇ ਨਿੱਕੇ ਤਾਂ ਘਰ ਹੁੰਦੇ ਆ । ਕਿੱਥੇ ਸੁਆਵੇਂ ਰਿਸ਼ਤੇਦਾਰਾਂ ਨੂੰ।

ਹਰਨਾਮੇ ਦੇ ਬਾਪੂ ਜੀ ਨੇ ਤਾਂ ਭੈਣ ਦੀ ਗੱਲ ਵਿੱਚੇ ਟੋਕ ਕੇ ਬੋਲ ਪਏ,"ਕਹਿੰਦੇ ਭੈਣ ਦਿਲ ਖੁੱਲੇ ਹੋਣੇ ਚਾਹੀਦੇ ਆ ,ਘਰ ਨਿੱਕੇ ਹੋਣ ਨਾਲ ਕੁੱਛ ਨਹੀਂ ਹੁੰਦਾ। ਜੇ ਰਿਸ਼ਤਿਆਂ ਚ ਪਿਆਰ ਹੈ ਤਾਂ ਰਿਸ਼ਤੇਦਾਰ ਭੁੰਜੇ ਸੌ ਕੇ ਵੀ ਖੁਸ਼ ਹੋ ਜਾਂਦੇ ਆ।

ਇਹ ਰਿਸ਼ਤੇਦਾਰੀਆਂ ਹੀ ਤਾਂ ਨੇ ਜੋ ਵਿਆਹ ਚ ਰੌਣਕ ਲਾਉਂਦੀਆਂ ਨੇ। ਰੌਣਕ ਤੋਂ ਬਿਨਾਂ ਕਾਹਦਾ ਵਿਆਹ।

ਵੀਰ ਤੂੰ ਆਪਣੇ ਵੇਲੇ ਦੀ ਗੱਲ ਕਰਦਾ ਆ। ਓਦੋਂ ਗੱਲਾਂ ਹੋਰ ਸੀ।

ਲੋਂਕਾਂ ਚ ਮੋਹ ਪਿਆਰ ਸੀ। ਮਹੀਨਾ ਪਹਿਲਾ ਘਰ ਚ ਰੌਣਕ ਲੱਗ ਜਾਂਦੀ ਸੀ। ਘਰੇ ਹਲਵਾਈ ਬੈਠ ਜਾਂਦੇ ਸੀ ਮਿਠਾਈ ਲਈ। ਨਾਨਕਿਆਂ ਨੇ 10 ਦਿਨ ਪਹਿਲਾਂ ਆ ਜਾਣਾ ਕਿ ਵਿਆਹ ਆ ਸਾਡੇ ਦੋਹਤੇ ਦਾ। ਪੰਜ ਪੰਜ ਦਿਨ ਗੌਣ ਬੈਠਣਾ। ਨਾਨਕਿਆਂ ਦਾਦਕਿਆਂ ਇੱਕ ਦੂਜੇ ਨੂੰ ਸਿੱਠਣੀਆਂ ਦੇਣੀਆਂ। ਅਾਂਢ ਗੁਆਂਢ ਨੇ ਇਕੱਠੇ ਹੋ ਜਾਣਾ।ਸਾਰਿਆਂ ਨੇ ਰਲ ਮਿਲ ਵਿਆਹ ਚ ਕੰਮ ਕਰਨੇ। ਮੰਜੀਆਂ ਬਿਸਤਰੇ ਇਕੱਠੇ ਕਰਨ ਜਾਣਾ ਘਰਾਂ ਚ। ਜਾਗੋ ਲੈ ਪੂਰੇ ਪਿੰਡ ਚ ਨਾਨਕੀਆਂ ਨੇ ਘੁੰਮਣਾ। ਗਿੱਧਾ ਪਾਉਣਾ ਸਭ

ਔਰਤਾਂ ਇਕੱਠੀਆਂ ਹੋ। ਅੱਜ ਕੱਲ ਤਾਂ ਘਰੇ ਗੰਦ ਨਾ ਪਵੇ ,ਸਾਰੇ ਪ੍ਰੋਗਰਾਮ ਹੀ ਪੈਲਸਾਂ ਚ ਹੁੰਦੇ ਨੇ। ਮਿਠਾਈ ਵੀ ਬਣੀ ਬਣਾਈ ਡੱਬਿਆਂ ਚ ਬੰਦ ਘਰੇ ਆ ਜਾਂਦੀ ਆ ।

ਅੱਜ ਕੱਲ ਵੀਰੇ ਉਹ ਸਮਾਂ ਕਿੱਥੇ। ਜਦੋ ਘਰੇ ਵਿਆਹ ਹੋਣਾ ਤਾਂ ਚਾਰ ਪਿੰਡਾਂ ਨੂੰ ਪਤਾ ਲੱਗ ਜਾਂਦਾ ਸੀ। ਭੁੱਲ ਜਾ ਵੀਰ ਮੇਰਿਆ, ਉਹ ਸਮਾਂ ਅਤੇ ਉਹ ਮਾਹੌਲ। ਕਿੱਥੇ ਮੁੜ ਆਉਣੇ ਉਹ ਦਿਨ । ਬਸ ਯਾਦਾਂ ਹੀ ਨੇ ਉਹ ਤਾਂ,ਕਹਿ ਭੈਣ ਨੇ ਅੱਖਾਂ ਭਰ ਲਈਆਂ।

ਸ਼ਾਮ ਨੂੰ ਜਦੋ ਸਾਡੇ ਦੋਹਤੇ ਦੇ ਨੂੰਹ ਘਰ ਆਈ ਤਾਂ ਅਸੀਂ ਪੰਜ ਕੁ ਜਾਣਿਆ ਨੇ ਮਿਲ ਮੁੰਡੇ ਨੂੰ ਤੇਲ ਚੜ੍ਹਾ ਦਿੱਤਾ। ਦੂਜੇ ਦਿਨ ਪੈਲਸ ਚ ਸਾਰਾ ਪ੍ਰੋਗਰਾਮ ਸੀ। ਓਥੇ ਹੀ ਸ਼ਗੁਨ ਲਗਾ ਦਿੱਤਾ ਮੁੰਡੇ ਕੁੜੀ ਇਕੱਠਿਆਂ ਨੂੰ ਹੀ । ਸਾਰੇ ਰਿਸ਼ਤੇਦਾਰ ਓਥੋਂ ਹੀ ਵਾਪਸ ਮੁੜ ਗਏ। ਸਿਰਫ ਮੁੰਡੇ ਦੇ ਨਾਨਕਿਆਂ ਦੇ ਥੋੜ੍ਹੇ ਜਹੇ ਜੀਅ ਹੀ ਆਏ ਘਰ ਅਤੇ ਮੁੰਡੇ ਦੀ ਇੱਕ ਮਾਮੀ ਨੇ ਜਾਗੋ ਸਿਰ ਤੇ ਚੱਕ  ਘਰ ਦੇ ਵਿਹੜੇ ਚ ਹੀ ਚੱਕਰ ਲਾ ਲਿਆ।  ਬੋਲੀਆਂ ਅਤੇ ਗਿੱਧਾ ਪਾਉਣ ਲਈ ਇੱਕ ਮੁੰਡੇ ਕੁੜੀਆਂ ਦਾ ਗਰੁੱਪ ਸੱਦਿਆ ਸੀ ਉਨ੍ਹਾਂ ਨੇ ਆ ਕੇ ਜਾਗੋ ਤੇ ਰੌਣਕ ਲਾ ਦਿੱਤੀ  ਅਤੇ ਡੀ.ਜੇ. ਤੇ ਸਭ ਨੇ  ਭੰਗੜਾ ਪਾ ਲਿਆ।

ਅਗਲੇ ਦਿਨ ਬਰਾਤ ਸੀ। ਉਸ ਦਿਨ ਇਨ੍ਹੀ ਠੰਡ ਭੈਣ ਪਰ ਕਿਸੇ ਨੇ ਕੋਟੀ ਤੱਕ ਨਹੀਂ ਪਾਈ। ਸਾਰੀਆਂ ਕੁੜੀਆਂ  ਠੰਡ ਚ ਠੱਰ ਠੱਰ ਕਰਦੀਆਂ ਫਿਰਨ।ਅਸੀਂ ਵਿਆਹ ਦੇਖ ਓਥੋਂ ਹੀ ਸਿੱਧਾ ਹਰਨਾਮੇ ਹੋਣੀ ਗਏ ਸੀ ਗੱਡੀ ਚ ਪੈਲਸ ,ਉਨ੍ਹਾਂ ਨਾਲ ਹੀ ਵਾਪਸ ਆ ਗਏ। ਬਥੇਰਾ ਕਿਹਾ ਸੀ ਦੋਹਤਰਇਓ ਨੂੰਹ ਨੇ। ਪਰ ਪਤਾ ਹੀ ਆ ਤੈਨੂੰ,ਕਿੱਥੇ ਸਰਦਾ ਇਨ੍ਹੇ ਦਿਨ ਰਹਿ ਕੇ।

ਸੱਚ ਭੈਣ ਤੈਨੂੰ ਇੱਕ ਹੋਰ ਗੱਲ ਦੱਸਾਂ। ਓਥੇ ਨਾ ਇੱਕ ਮੁੰਡੇ ਨੇ ਰਾਤ ਨੂੰ  ਕਰਨ ਦੇ ਸਿਰ ਤੋਂ ਫੋਨ ਵਾਰ ਕੇ ਢੋਲੀ ਜਿਹੜਾ ਢੋਲ ਵਜ੍ਹਾ ਰਿਹਾ ਸੀ ਓਹਦੇ ਢੋਲ ਦੇ ਉੱਤੇ ਇੱਕ ਸਟਿੱਕਰ(ਬਾਰ ਕੋਡ) ਲੱਗਾ ਸੀ ,ਓਹਦੇ ਉੱਪਰ ਫੋਨ ਕਰ ਪੈਸੇ ਢੋਲੀ ਨੂੰ  ਭੇਜ ਦਿੱਤੇ।

ਮੈਂ ਆਪਣੀ ਦੋਹਤੀ ਨੂੰ ਅਵਾਜ ਮਾਰ ਪੁੱਛਿਆ ਕਿ,"ਆਹ ਕੀ ਚੱਕਰ ਆ।" ਫਿਰ  ਮੈਨੂੰ ਤਾਂ ਸਾਡੀ ਦੋਹਤੀ ਨੇ ਦੱਸਿਆ ,ਕਹਿੰਦੀ ਮਾਮੀ ਅੱਜ ਕੱਲ ਓਨਲਾਇਨ ਚੱਲਦਾ ਸਭ ਕੁੱ੍ਝ। ਕੀ ਦੱਸਾਂ ਭੈਣੇ,ਮੈਂ ਤਾਂ ਹੈਰਾਨ ਹੋ ਗਈ ਦੇਖ ਕੇ।

ਨੀ ਬਿਸ਼ਨੋ ,ਸਮਾਂ ਬਹੁਤ ਤੇਜੀ ਨਾਲ ਬਦਲ ਰਿਹਾ ਹੈ। ਸਾਡੇ ਵਾਲਾ ਸਮਾਂ ਹੁਣ ਭੁੱਲ ਜੋ। ਜਿਹੋ ਜਿਹਾ ਸਮਾਂ ਚੱਲ ਰਿਹਾ,ਓਵੇ ਦੇ ਹੋਜੋ ਜੇ ਜਵਾਕਾਂ ਤੋਂ ਇੱਜ਼ਤ ਕਰਾਉਣੀ ਆ ਤਾਂ।

ਤੂੰ ਭੈਣ ਮੇਰੀਏ ,ਆਉਣ ਵਾਲੇ ਸਮੇ ਚ ਦੇਖੀ। ਲੋਕ ਜਿਵੇ ਵਿਆਹ ਵਾਲੇ ਕਾਰਡ ਫੋਨ ਤੇ ਭੇਜ ਦਿੰਦੇ ਨੇ ਨਾ । ਲੋਕਾਂ ਨੇ ਸ਼ਗੁਨ ਵੀ ਫੋਨ ਤੇ ਭੇਜ ਕੇ ਕਿਹਾ ਕਰਨਾ,"ਵੀਰੇ ਸਮਾਂ ਹੈਨੀ,ਇਸ ਲਈ ਸ਼ਗੁਨ ਫੋਨ ਤੇ ਹੀ ਭੇਜ ਰਹੇ ਆ।" ਪਰ ਕੀ ਪਤਾ ਬਦਲਦੇ ਮਾਹੌਲ ਨਾਲ ਅੱਗੋਂ ਕੁੜੀਆਂ ਮੁੰਡਿਆਂ ਨੇ ਵਿਆਹ ਕਰੋਂਨੇ ਵੀ ਨੇ ਕਿ ਨਹੀਂ। ਅਾਪਾਂ ਕਿਹੜਾ ਜਿਉਂਦੇ ਰਹਿਣਾ ਓਦੋਂ ਤੱਕ। ਨਾਲੇ ਅੱਜ ਕੱਲ ਲੋਕ ਉਪਰੋਂ ਉਪਰੋਂ  ਕਹਿ ਦਿੰਦੇ ਆ ਕੇ ਵਿਆਹ ਆਈਓ। ਦਿਲ ਚ ਹੁੰਦਾ ਨਾ ਹੀ ਆਉਣ ਭਾਵੇ।

ਸੱਚ ਕਹਿੰਦੀ ਆ ਭੈਣ ਮੇਰੀਏ ,ਬਦਲਦੇ ਜਮਾਨੇ ਨਾਲ ਸਾਨੂੰ ਵੀ ਬਦਲਣਾ ਪੈਣਾ ਆ। ਚੱਲ ਚੰਗਾ ਭੈਣ, ਫਿਰ ਮੈਂ ਚਲਦੀ ਆ। ਕਾਵੇਲਾ ਹੋ ਰਿਹਾ ਆ,ਮੱਝਾਂ ਦੀਆਂ ਧਾਰਾਂ ਕੱਢਣੀਆਂ ਜਾ ਕੇ ,ਕਹਿ ਬਿਸ਼ਨੋ ਮੰਜੇ ਤੋਂ ਉੱਠ ਆਪਣੇ ਘਰ ਨੂੰ ਤੁਰ ਪਈ।

✿✿✿✿✿✿

## ਜਿਸ ਤਨ ਜਾਣੇ ਓਹੀ ਜਾਣੇ, ਕੌਣ ਜਾਣੇ ਪੀੜ ਪਰਾਈ

"ਨੀ ਪ੍ਰੀਤ.....ਪ੍ਰੀਤ ...... ਕੁੜੇ ਕਿੱਥੇ ਆ । ਰਸੋਈ ਚੋਂ ਕਰਦ ਲਿਆ ਕੇ ਫੜਾ ਮੈਨੂੰ । ਮੈਂ ਸਰੋਂ ਦੀਆਂ ਗੰਦਲਾਂ ਛਿੱਲ ਲਵਾਂ", ਚੁੰਨੀ ਨਾਲ ਬੱਝੀ ਸਰੋਂ ਦੀਆਂ ਗੰਦਲਾਂ ਦੀ ਪੰਡ ਮੰਜੇ ਤੇ ਧਰਦੀ ਸਾਹੋ ਸਾਹ ਹੋਈ ਮਹਿੰਦਰ ਕੌਰ ਬੋਲੀ।

ਕੁੱਝ ਮਿੰਟ ਇੰਤਜ਼ਾਰ ਕਰਨ ਤੋਂ ਬਾਅਦ...........

ਨੀ ਅਵਾਜ ਨਹੀਂ ਸੁਣਦੀ ਕੁੜੀਏ ...! ਕਿੱਥੇ ਵੜੀ ਆ..?

ਪਤਾ ਨਹੀਂ ਕਿਹੜੀ ਖੁੱਡ ਚ ਵੜੀ ਆ ...? ਜੋ ਅਵਾਜ ਦੀ ਸੁਣਦੀ। ਅਾਖੀਰ ਕਹਿ...! ਅੱਕ ਕੇ ਮਹਿੰਦਰ ਕੌਰ ਖੁਦ ਹੀ ਮੰਜੀ ਤੋਂ ਉੱਠ ਰਸੋਈ ਚੋ ਕਰਦ ਲੈਣ ਤੁਰ ਪਈ ਅਤੇ ਅੰਦਰ ਕਮਰਿਆਂ ਚ ਪ੍ਰੀਤ ਨੂੰ ਨਾ ਦੇਖ ਮੂੰਹ ਚ ਬੁੜਬੜਾਉਂਦੀ ਬੋਲੀ .......।

"ਪਤਾ ਨਹੀਂ..! ਇਹ ਅੱਗ ਲੱਗਣਾ ਚੋਨਾ ਸਵੇਰੇ ਸਵੇਰੇ ਇੰਨੀ ਠੰਡ ਚ ਕਿੱਧਰ ਮਰਿਅਾ। ਕਿਵੇਂ ਘਰ ਚ ਗੰਦ ਪਿਆ ਆ। ਵੀਹ ਵਾਰੀ

ਕਿਹਾ....। ਘਰ ਦਾ ਕੰਮ ਧੰਦਾ ਕਰਕੇ ਫਿਰ ਫੇਰੇ ਤੋਰੇ ਤੇ ਨਿਕਲਿਆ ਕਰੋ।

ਪਰ ਕਿੱਥੇ...? ਕਿਸੇ ਕੰਜਰ ਦੀ ਸੁੰਣਣੀ ਇਨ੍ਹਾਂ ਨੇ ਕੀਤੇ। ਗੁੱਸੇ ਚ ਖਿੱਝਦੀ ਹੋਈ ਮਹਿੰਦਰ ਕੋਰ ਰਸੋਈ ਚੋਂ ਕਰਦ ਲਿਆ ਕੇ ਮੁੜ ਧੁੱਪੇ ਮੰਜੇ ਤੇ ਬੈਠ ਗੰਦਲਾ ਛਿੱਲਣ ਲੱਗ ਗਈ।

ਪ੍ਰੀਤ ਆਪਣੇ ਘਰ ਦੇ ਵਿਹੜੇ ਅਤੇ ਤਾਏ ਦੇ ਘਰ ਦੇ ਵਿਹੜੇ ਵਿੱਚਲੀ ਸਾਂਝੀ ਕੰਧ ਵਿੱਚ ਰੱਖੇ ਲੱਕੜ ਦੇ ਦਰਵਾਜੇ ਰਾਹੀ ਅੰਦਰ ਆਉਂਦੀ ਬੋਲੀ," "ਮੰਮੀ ਲੈ ਆਏ ਸਾਗ।"

ਆਹੋ ਡੰਮ ਆਈ ਆ, ਤੁਹਾਡਾ ਮੱਥਾ....! "ਪਹਿਲਾ ਤੂੰ ਦਸ। ਤੈਨੂੰ ਮੈਂ ਕਿਹਾ ਸੀ ਕਿ ਮੈਂ ਸਾਗ ਲੈਣ ਚੱਲੀ ਆ ਖੇਤਾਂ ਚੋ ,ਤੂੰ ਘਰ ਦਾ ਡ਼ਾੜੂ ਪੋਚਾ ਕਰ ਲਈ। ਤੂੰ ਕੰਮਕਾਰ ਛੱਡ ਆਪਣੇ ਤਾਏ ਘਰੇ......ਕੀ ਗੁਰਦੋਰੀ ਕਰਦੀ ਫਿਰਦੀ ਆ...?

ਘਰ ਦੇ ਕੰਮ ਦਾ ਕੋਈ ਫਿਕਰ ਹੈ ਕੇ ਨਹੀਂ । ਪਹਿਲਾ ਘਰ ਦਾ ਕੰਮ ਤਾਂ ਕਰਲਾ ਫਿਰ ਜਿੱਥੇ ਮਰਜੀ ਫਿਰਦੀ ਰਹੀ",ਮਹਿੰਦਰ ਕੋਰ ਗੁੱਸੇ ਭਰੀ ਅਵਾਜ ਚ ਪ੍ਰੀਤ ਨੂੰ ਬੋਲੀ।

"ਮ ..ਮ....ਮੰਮੀ ਭਾਬੀ ਨੇ ਫੋਨ ਕਰਕੇ ਦੱਸਿਆ ਕਿ ਭੂਆ ਫੁੱਫੜ ਆਏ ਆ। ਉਨ੍ਹਾਂ ਨੂੰ ਮਿਲਣ ਚੱਲ ਗਈ ਸੀ",ਪ੍ਰੀਤ ਨੇ ਹੜਬੜਾਉਂਦੀ ਨੇ ਕਿਹਾ।

ਅੱਛਾ...! ਭੈਣ ਭਾਜੀ ਆਏ ਆ। "ਇੰਨ੍ਹੀ ਸਾਜਰੇ... ਸੁੱਖ ਤਾਂ ਹੈ ਨਾ",ਮਹਿੰਦਰ ਕੌਰ ਇੱਕ ਦਮ ਹੈਰਾਨ ਹੁੰਦੀ ਬੋਲੀ।

ਹਾਂ ਮੰਮੀ, ਸਭ ਠੀਕ ਆ। ਬਸ ਭੂਆ ਜੀ  ਹੋਣੀ ਪਟਿਆਲਾ ਗਏ ਸੀ ਫੁੱਫੜ ਦੀ ਭੂਆ ਕੋਲ,ਆਉਂਦੇ ਹੋਏ ਇੱਥੇ ਆ ਗਏ। ਭੂਆ ਕਹਿੰਦੀ ਮੈਂ ਸੋਚਿਆ,"ਕੀ ਲੰਘਣਾ ਇੱਦਾਂ....?"

ਜਾਂਦੇ ਜਾਂਦੇ ਇਥੋਂ ਵੀ ਮਿਲ ਜਾਂਦੇ ਆ। ਅੱਗੋਂ ਠੰਡ ਵੀ ਬਹੁਤ ਹੋ ਜਾਣੀ ਆ ਅਤੇ ਧੁੰਦਾਂ ਵੀ  ਪੈਣ ਲੱਗ ਜਾਣੀਆਂ, ਫਿਰ ਆ ਨਹੀਂ ਹੋਣਾ ।

"ਚੱਲ ਫਿਰ,ਜਲਦੀ ਨਾਲ ਘਰ ਚ ਝਾੜੂ ਪੋਚਾ ਕਰ ।

ਕਿੰਨਾ ਗੰਦ ਪਿਆ ਆ ਅੰਦਰਾਂ ਚ.....?  ਅਗਲੇ ਆ ਗਏ ਤਾਂ ਕਹਿਣ ਗਏ ਇਨ੍ਹਾਂ ਨੂੰ ਸਾਫ ਸਫਾਈ ਦਾ ਹੈ ਹੀ ਨਹੀਂ ਭਲਾ। ਭੱਜ, ਜਾ ਕੇ, ਕਰ ਸਫਾਈ। ਫਿਰ ਆ ਕੇ ਚਾਰ ਕੁ ਗੰਦਲਾ ਛਲਾਈ ਮੇਰੇ ਨਾਲ। ਸਾਗ ਚੁੱਲ੍ਹੇ ਧਰਿਆ ਜਾਓ..!

ਉਨ੍ਹਾਂ ਦੇ ਆਉਣ ਤੋਂ ਪਹਿਲਾ ਪਹਿਲਾ",ਮਹਿੰਦਰ ਕੋਰ ਨੇ ਤਿੱਖੇ ਸ਼ਬਦਾਂ ਵਿੱਚ ਪ੍ਰੀਤ ਨੂੰ ਕਿਹਾ।

ਘਰ ਦੀ ਸਾਫ ਸਫਾਈ ਕਰਨ ਤੋਂ ਬਾਅਦ ਸਾਗ ਵਾਲੇ ਟੋਕੇ ਨਾਲ ਪ੍ਰੀਤ ਆਪਣੀ ਮਾਂ ਨਾਲ ਜਮੀਨ ਤੇ ਚਾਦਰ ਵਿਛਾ ਸਾਗ ਕਤਰਾਉਣ ਲੱਗ ਗਈ। ਇਨ੍ਹੇ ਨੂੰ ਪ੍ਰੀਤ ਦੇ ਭੂਆ ਫੁੱਫੜ ਪ੍ਰੀਤ ਦੇ ਤਾਏ ਘਰੋਂ ਆ ਗਏ ਅਤੇ ਆਉਂਦੇ ਹੀ ਪ੍ਰੀਤ ਦਾ ਫੁੱਫੜ ਬੋਲਿਆ,"ਬੱਲੇ ਅੱਜ ਤਾਂ ਸਾਗ ਨਾਲ ਰੋਟੀ ਖਾਵਾਂਗੇ।" ਧਰਤੀ ਤੋਂ ਉੱਠਦੀ ਮਹਿੰਦਰ ਕੋਰ ਨੇ ਪ੍ਰੀਤ ਦੇ ਭੂਆ ਫੁੱਫੜ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਕਿਹਾ,"ਕੋਈ ਨਾ ਭਾਜੀ,ਬਣ ਜਾਣਾ ਸਾਗ ਰਾਤ ਤੱਕ ।"

ਜਾ ਨੀ ਕੁੜੀਏ , ਉੱਠ ਕੇ ਅੰਦਰੋਂ ਕੁਰਸੀ ਲੈ ਕੇ ਆ ਆਪਣੇ ਫੁੱਫੜ ਲਈ। ਭੈਣਜੀ ਬੈਠੋ ਮੰਜੇ ਤੇ ਤੁਸੀਂ ਮੈਂ ਪਾਣੀ ਲੈ ਕੇ ਆਉਂਦੀ ਆ ,ਕਹਿ ਕੇ ਮਹਿੰਦਰ ਕੋਰ ਅੰਦਰ ਜਾਣ ਹੀ ਲੱਗੀ ਸੀ ਕਿ ਉਸਦੀ ਨਨਾਣ ਨੇ ਅਵਾਜ ਮਾਰ ਕੇ ਕਿਹਾ। ਰੁਕ ਜਾ ਭਾਬੀ ਅਜੇ ਨਹੀਂ ਕੁਝ ਵੀ ਪੀਣਾ। ਹੁਣੇ ਚਾਹ ਪੀਤੀ ਆ। ਤੂੰ ਕਰਲਾ ਸਾਗ ਦਾ ਪਹਿਲਾ ,ਨਹੀਂ ਤਾਂ ਦੇਰ ਹੋ ਜਾਣੀ ਆ।

ਪ੍ਰੀਤ ਅੰਦਰੋਂ ਕੁਰਸੀ ਲਿਆ ਆਪਣੇ ਫੁੱਫੜ ਨੂੰ ਦੇ ਦਿੰਦੀ ਹੈ ਬੈਠਣ ਲਈ। ਹੋਰ ਫਿਰ ਭਜੋਂ ਕਿੱਥੇ ਆ ...? ਪ੍ਰੀਤ ਦੇ ਫੁੱਫੜ ਨੇ ਪ੍ਰੀਤ ਨੂੰ ਪੁੱਛਿਆ।

"ਫੁੱਫੜ ਜੀ ਡੈਡੀ ਸ਼ਹਿਰ ਗਏ ਆ ਵੰਡਾਂ(ਮੱਝਾਂ -ਗਾਵਾਂ ਨੂੰ ਪਾਉਣ ਵਾਲਾ ਖਾਣਾ) ਲੈਣ ਬਸ ਆਉਂਦੇ ਹੋਣੇ ਆ",ਆਪਣੀ ਮਾਂ ਨਾਲ ਸਰੋਂ ਦੀਆਂ ਗੰਦਲਾਂ ਟੋਕੇ ਚ ਲਗਾਉਦੀ ਪ੍ਰੀਤ ਨੇ ਕਿਹਾ। ਹੋਰ ਭਾਬੀ ਸੁਣਾ,ਅੰਮ੍ਰਿਤ ਦਾ ਕੰਮਕਾਰ ਵਧੀਆ ਚਲਦਾ ਆ,ਪ੍ਰੀਤ ਦੀ ਭੂਆ ਨੇ ਜੁੱਤੀ ਲਾ ਮੰਜੇ ਤੇ ਸਵਾਹਰੀ ਹੁੰਦੀ ਬੋਲੀ। ਕੁਤਰਿਆ ਹੋਈਆਂ ਗੰਦਲਾਂ ਥਾਲ਼ੀ ਚ ਪਾਉਂਦੀ ਮਹਿੰਦਰ ਕੋਰ ਬੋਲੀ,"ਹਾਂਜੀ ਭੈਣਜੀ ਠੀਕ ਠਾਕ ਚੱਲੀ ਜਾਂਦਾ ਆ। ਬਾਬੇ ਨਾਨਕ ਦੀ ਕਿਰਪਾ ਨਾਲ ਸਹੀ ਆ ਸਭ। ਤੁਸੀਂ ਸੁਣਾਓ ..? ਗੋਪੀ ਮੀਤੂ ਹੋਣੀ ਠੀਕ ਠਾਕ ਨੇ ..?

ਇਸ ਤੋਂ ਪਹਿਲਾਂ ਕਿ ਪ੍ਰੀਤ ਦੀ ਭੂਆ ਕੁੱਝ ਬੋਲਦੀ ਪ੍ਰੀਤ ਦਾ ਫੁੱਫੜ ਬੋਲ ਪਿਆ,"ਬਹੁਤ ਵਧੀਆ।" ਬਾਬਾ ਬਹੁਤ ਦੇਣ ਦਿਆ ਆ।

ਮੁੰਡਾ ਆਪਣੇ ਪਰਿਵਾਰ ਨਾਲ ਖੁਸ਼ । ਕੁੜੀ ਆਪਣੇ ਸੋਹਰੇ ਪਰਿਵਾਰ ਚ ਬਹੁਤ ਖੁਸ਼ ਆ। ਬਹੁਤ ਚੰਗੇ ਜੀਅ ਟੱਕਰੇ ਸਾਨੂੰ ਦੋਵਾਂ ਪਾਸਿਆਂ ਤੋਂ ।

ਪ੍ਰੀਤ ਤੂੰ ਦੱਸ..? ਤੂੰ ਸੋਹਰੇ ਨਹੀਂ ਰਹਿੰਦੀ..। ਜਦੋ ਆਈਏ ਜਾਂ ਫੋਨ ਕਰੀਏ ਤੂੰ ਇੱਥੇ ਹੀ ਹੁੰਦੀ ਆ,ਪ੍ਰੀਤ ਦੇ ਫੁੱਫੜ ਨੇ ਪ੍ਰੀਤ ਨੂੰ ਸਵਾਲ ਕੀਤਾ।

ਨਹੀ ਭਾਜੀ,ਇਹਦੀ ਸੱਸ ਅਤੇ ਜੇਠਾਣੀ  ਤੰਗ ਬਹੁਤ ਕਰਦੀਆਂ ਆ।ਅੱਕ ਹਾਰ ਕੇ ਹਰਮਨ ਨੇ ਅਲੱਗ ਕਰਨ ਦਾ ਕਹਿ ਦਿੱਤਾ । ਸੋਹਰਿਆ ਨੇ ਅਲੱਗ ਤਾਂ ਕਰ ਦਿੱਤਾ  ਪਰ ਘਰ ਚੋਂ ਵੰਡ ਵੰਡਾਈ ਕਰਕੇ  ਕੁੱਝ ਨਹੀਂ ਦਿੱਤਾ।  ਸੱਸ ਸੋਹਰਾ ਜੇਠਾਣੀ ਦੇ ਹੱਥਾਂ ਚ ਸੀ ਸਭ ਕੁੱਝ ਇਹਦੇ ਜੇਠ ਨੂੰ ਦੇਗੇ। ਉਤੋਂ ਜਿਹੜੀ ਪੈਲੀ ਦਿੱਤੀ ਉਸ ਉੱਪਰ ਕਰਜਾ ਸੀ । ਹੁਣ ਜਿਨਾਂ ਸਮਾਂ ਘਰ ਨਹੀਂ ਛੱਤ ਦੇ ਇੱਥੇ ਰਹੁ। ਵੈਸੇ ਤਾਂ ਹਰਮਨ ਕਹਿੰਦਾ ਸੀ ਕਿ ਕਰਾਏ ਤੇ ਰਹਿਣਾ ਆ । ਪਰ ਪ੍ਰੀਤ ਦੇ ਡੈਡੀ ਹੀ ਕਹਿੰਦੇ ਕਿ ,ਤੂੰ ਇਥੇ ਰਹਿ ਲਾ ਉਨ੍ਹਾਂ ਸਮਾਂ। 15 ਮਿੰਟ ਦਾ ਤਾਂ ਰਾਹ ਆ ਜਿੱਥੇ ਘਰ ਪਾਉਣਾ ਆ। ਸੌਖਾ ਹੋਜੂ ਹਰਮਨ ਲਈ ਆਉਣਾ ਜਾਣਾ,ਮਹਿੰਦਰ ਕੌਰ ਨੇ ਆਪਣੀ ਧੀ ਦਾ ਪੱਖ ਪੂਰਦੀ ਨੇ ਕਿਹਾ।

ਸਾਡੀ ਕੁੜੀ ਆ । ਸਾਂਝੇ ਪਰਿਵਾਰ ਚ 10 ਸਾਲ ਕੱਟ ਗਈ। ਕਦੇ ਕਿਸੇ ਨੂੰ ਕੋਈ ਸਵਾਲ ਜਵਾਬ ਨਹੀਂ ਕੀਤਾ। ਨਾ ਕਦੇ ਮੂੰਹੋ ਮਾੜਾ ਵਾਕ ਕੱਢਿਆ । ਚੁੱਪ ਰਹਿ ਕੇ ਸਮਾਂ ਕੱਢ ਲਿਆ ਆਪਣਾ।

ਨਹੀਂ ਤਾਂ ਕਿੱਥੇ ..? ਅੱਜ ਕੱਲ ਕੁੜੀਆਂ ਸਾਂਝੇ ਘਰ ਚ ਸਮਾਂ ਕੱਢਦੀਆਂ  ਨੇ। ਨਵਨੀਤ ਦੇ ਚਾਚਾ ਸੋਹਰਾ ਪਰਿਵਾਰ ਤਾਂ ਓਹਦੇ ਸਾਹ ਚ ਸਾਹ ਲੈਂਦਾ ਆ । ਅ ਾ ਜੇ ਸਹੀ ਦੋ ਦਿਨ ਪੇਕੇ,ਪਿੱਛੇ ਹੀ ਫੋਨ ਖੜਕਾ

ਦਿੰਦੇ ਨੇ ਪੁੱਤ ਆਜਾ ਸਾਡਾ ਦਿਲ ਨਹੀਂ ਲੱਗਦਾ। ਤੂੰ ਚਲ ਗਈ ਤਾਂ ਰੌਣਕ ਹੈਨੀ ਘਰ ਚ ,ਪ੍ਰੀਤ ਦੇ ਫੁੱਫੜ ਨੇ ਪ੍ਰੀਤ ਤੇ  ਵਿਅੰਗ ਕੱਸਦੇ ਹੋਏ ਕਿਹਾ।

ਸਹੀ ਕਿਹਾ ਭਾਜੀ,"ਕਿੰਨ੍ਹੇ ਹੋਣਾ ਮੀਤੂ ਜਿੰਨੀ ਸਿਆਣੀ...?"

ਜਦੋ ਦੀ ਵਿਆਹੀ ਆ ਸੋਹਰੇ ਘਰ ਦਾ ਕੰਮ ਤਾਂ ਓਹਨੇ ਕਦੀ ਕੀਤਾ ਹੀ ਨਹੀਂ । ਨਾ ਕਦੇ ਸੱਸ ਨੇ ਕੀਤਾ ਅਤੇ ਨਾ ਕਦੇ ਉਸ ਮੀਤੂ ਨੂੰ ਕਿਹਾ । ਚਾਚੀ ਸੱਸ ਜੋ ਹੇਗੀ ਆ ਸਾਰਾ ਦਿਨ ਕੰਮਕਾਰ ਨੂੰ ।

ਵਿਚਾਰੀ ਭਲੀਮਾਣਸ ਰੱਬ ਰੂਪੀ ਬਿਨਾਂ ਕੁੱਝ ਬੋਲੇ ਘਰ ਦੀ ਸਾਂਭ ਸੰਭਾਲ ਕਰਦੀ ਰਹਿੰਦੀ ਆ।

ਗੁਰਚਰਨ ਓਹਦੇ ਸਾਹੋ ਸਾਹ ਲੈਂਦਾ ਆ। ਕੰਮ ਕਰੇ ਚਾਹੇ ਨਾ ਕਿਸੇ ਕੁੱਝ ਕਹਿਣਾ ਥੋੜਾ ਓਹਨੂੰ। ਨਾ ਸਬਜ਼ੀ ਭਾਜੀ ਦਾ ਅਤੇ ਨਾ ਸੌਦੇ ਦਾ ਫਿਕਰ।ਨਾ ਕੋਈ ਉਸਨੂੰ ਤਾਹਨਾ ਮਾਰੇ ਨਾ ਕੋਈ ਮੇਹਣਾ ਦਵੇ । ਨਾ ਕੋਈ ਰੋਕ ਟੋਕ। ਜਦੋ ਦਿਲ ਕੀਤਾ ਚਲ ਗਏ ਘੁੰਮਣ।

ਬੋਲੇਗਾ ਤਾਂ ਭਾਜੀ  ਓਹੀ ਜੋ ਸਾਰਾ ਦਿਨ ਕੰਮਕਾਰ ਕਰਕੇ ਵੀ ਤਾਹਨੇ ਮੇਹਣੇ ਸੁਣ ਸੁਣ ਅੱਕ ਚੁੱਕਿਆ ਹੋਵੇਗਾ। ਜਿਸਨੂੰ ਕਿਸੇ ਨੇ ਕੁੱਝ ਕਹਿਣਾ

ਹੀ ਨਹੀਂ,ਓਹਨੇ ਬੋਲਣਾ ਹੀ ਕਿਓਂ ਆ ..? ਦਿਮਾਗ ਹੀ ਹਿੱਲਿਆ ਹੋਵੇਗਾ,ਜੋ ਬਿਨਾਂ ਗਲੋਂ ਬੋਲੇ ,,,,,,,,,,,

ਸਾਡੀ ਕੁੜੀ ਨੇ ਕਿਥੋਂ ਮੁਕਾਬਲਾ ਕਰ ਲੈਣਾ ਮੀਤੂ ਦਾ।

ਨਾਲੇ ਭਾਜੀ ਦੁਨੀਆਂ ਇਵੇ ਥੋੜਾ ਕਹਿੰਦੀ ਆ "ਜਿਸ ਤਨ ਲਾਗੈ ਸੋ ਤਨ ਜਾਨੈ ,ਕੌਣ ਜਾਨੈ ਪੀੜ ਪਰਾਈ।"ਜਿਸ ਨਾਲ ਬੀਤਦੀ ਓਹੀ ਜਾਣਦਾ। ਸਾਡੀ ਕੁੜੀ ਨੇ ਜੋ ਪਿੰਡੇ ਹੰਢਿਆ ਸਾਨੂੰ ਪਤਾ ਆ। ਬਾਕੀਆਂ ਲਈ ਤਾਂ ਗੱਲਾਂ ਮਜਾਕ ਹੀ ਹੁੰਦੀਆਂ, ਕਹਿ ਮਹਿੰਦਰ ਕੋਰ ਰਹਿੰਦੀਆਂ ਕੁਤਰੀਆਂ ਸਰੋਂ ਦੀਆਂ ਗੰਦਲਾ ਥਾਲੀ ਚ ਪਾ ਚੁੱਲ੍ਹੇ ਤੇ ਧਰੇ ਸਾਗ ਬਣਾਉਣ ਵਾਲੇ ਪਤੀਲੇ ਚ ਪਾਉਂਣ ਤੁਰ ਪਈ। ਪ੍ਰੀਤ ਦੇ ਭੂਆ ਫੁੱਫੜ ਨੇ ਮਹਿੰਦਰ ਕੌਰ ਦੀਆਂ ਗੱਲਾਂ ਸੁਣ ਨਾਮੋਸ਼ੀ ਚ ਮੂੰਹ ਹੇਠਾਂ ਲਟਕਾ ਲਿਆ ।

✿✿✿✿✿✿

# ਭੂੰਡ ਦੀ ਖੱਖਰ

ਸਰਦੀਆਂ ਦੇ ਦਿਨ ਸਨ। ਗੁਰਨੀਰ ਦੇ ਘਰ ਲੱਗੇ ਅੰਬ ਦੇ ਬੂੱਟੇ ਤੇ ਭੂੰਡਾ ਦੀ ਖੱਖਰ ਲੱਗੀ ਸੀ ਜਿਸ ਦੇ ਸ਼ਰਫ਼ ਵਾਲਾ ਪਾਣੀ ਪਾਉਣ ਲਈ ਰੋਜ ਹੀ ਸਰਬਜੀਤ ਹਰਬੰਸ ਨੂੰ ਕਹਿੰਦੀ ਪਰ ਹਰਬੰਸ ਦੇ  ਕੰਨੀ ਕੋਈ ਅਸਰ ਨਹੀਂ ਸੀ ਹੁੰਦਾ। ਅੱਜ ਜਦੋਂ ਗੁਰਨੀਰ ਤੇ ਓਹਦੀ ਦਾਦੀ ਧੁੱਪੇ ਬੈਠੇ ਸਨ ਤਾਂ ਅੰਬ ਦੇ ਬੂਟੇ ਤੇ ਲੱਗੀ ਭੂੰਡਾਂ ਦੀ ਖੰਖਰ ਤੋਂ ਇੱਕ ਭੂੰਡ ਉੱਡਦਾ ਉੱਡਦਾ ਵਿਹੜੇ ਵਿੱਚ ਧੁੱਪੇ ਕੁਰਸੀ ਤੇ ਬੈਠ ਕੇ  ਕਿਤਾਬ ਪੜ੍ਹਦੀ ਗੁਰਨੀਰ ਦੇ ਆਲੇ ਦੁਆਲੇ ਉੱਡਣ ਲੱਗਾ । ਭੂੰਡ ਨੂੰ ਆਪੇ ਆਲੇ ਦੁਆਲੇ ਘੁੰਮਦਾ ਵੇਖ ਗੁਰਨੀਤ ਨੇ ਦੁਪੱਟੇ ਨਾਲ ਭੂੰਡ ਨੂੰ ਪਰੇ ਕਰਨ ਦੀ ਕੋਸ਼ਿਸ਼ ਕੀਤੀ ਪਰ ਜਦੋ ਭੂੰਡ ਨਹੀਂ ਪਰੇ ਹੱਟਿਆ ਤਾਂ ਗੁਰਨੀਰ ਨੇ ਝਾੜੂ ਫੜ ਭੂੰਡ ਨੂੰ ਇਹ ਸੋਚ ਮਾਰ ਦਿੱਤਾ ਕਿ ਇਹ  ਮੇਰੇ ਲੜ ਨਾ ਜਾਵੇ।

ਗੁਰਨੀਰ ਦੇ ਕੋਲ ਹੀ  ਮੰਜੇ ਤੇ ਬੈਠੀ ਉਸਦੀ  ਦਾਦੀ ਉਸਨੂੰ ਭੂੰਡ  ਮਾਰਦੀ ਨੂੰ ਦੇਖ ਕਹਿੰਦੀ ਹੈ ਕਿ,,,,,ਕਿਓਂ ਮਾਰਿਆ ਨੀ  ਭੂੰਡ ..?

ਉਹ ਕਿਹੜਾ ਤੈਨੂੰ ਕੁੱਝ ਕਹਿੰਦਾ ਸੀ....? ਗੁਰਨੀਰ ਨੂੰ ਆਪਣੀ ਦਾਦੀ ਦੀ ਗੱਲ ਤੇ  ਗੁੱਸਾ ਤਾਂ ਬਹੁਤ ਆਇਆ । ਪਰ ਕਲੇਸ਼ ਤੋਂ ਡਰਦੀ  ਉਹ ਚੁੱਪ ਰਹੀ ।

ਦੂਜੇ ਦਿਨ ਫਿਰ ਗੁਰਨੀਰ  ਬਾਹਰ ਕੁਰਸੀ ਤੇ ਬੈਠੀ ਪੜ੍ਹ ਰਹੀ ਹੁੰਦੀ ਹੈ  ਕਿ ਫਿਰ ਇੱਕ ਭੂੰਡ ਆ ਕੇ ਉਸਦੇ ਆਲੇ ਦੁਆਲੇ ਘੁੰਮਣ ਲੱਗ ਜਾਂਦਾ ਹੈ । ਪਰ ਇਸ

ਵਾਰ ਉਹ ਭੂੰਡ ਨੂੰ  ਕੁੱਝ ਨਹੀਂ ਕਹਿੰਦੀ। ਉਹ ਸੋਚਦੀ ਹੈ ਕਿ ਜੇ ਮੈਂ ਭੂੰਡ ਨੂੰ ਮਾਰ ਦਿੱਤਾ ਤਾਂ ਬੀਜੀ ਫਿਰ ਬੋਲਣਗੇ। ਇਸ ਤੋਂ ਚੰਗਾ ਚੁੱਪਚਾਪ ਬੈਠ ਆਪਣਾ ਪੜ੍ਹੋ।

ਕੁੱਝ ਸਮੇ ਤੱਕ ਤਾਂ ਉਸਦੀ ਦਾਦੀ ਭੂੰਡ ਨੂੰ ਆਪਣੀ ਪੋਤਰੀ ਦੇ ਦੁਆਲੇ ਘੁੰਮਦਾ  ਦੇਖਦੀ ਰਹਿੰਦੀ ਹੈ।  ਫਿਰ ਗੁਰਨੀਰ  ਨੂੰ  ਕਹਿੰਦੀ ਹੈ ਕਿ,"ਤੂੰ  ਭੂੰਡ ਨੂੰ ਮਾਰਦੇ ਨਹੀਂ ਤਾਂ ਤੇਰੇ ਲੜ ਜਾਣਾ ਆ।" ਗੁਰਨੀਰ  ਫਿਰ ਚੁੱਪ ਰਹਿੰਦੀ ਹੈ ਅਤੇ ਸੋਚਦੀ ਹੈ ਕਿ ਜੇ ਮੈਂ ਮਾਰ ਦਿੱਤਾ ਇਹ ਨਾ ਹੋਵੇ ਬੀਜੀ ਦੂਜੇ ਪਾਸੇ ਹੋ ਜਾਣ। ਇਸ ਤੋਂ ਚੰਗਾ ਕੁੱਝ ਨਾ ਕਰੋ।

ਤੀਜੇ ਦਿਨ ਫਿਰ ਗੁਰਨੀਰ  ਵਿਹੜੇ ਚ ਧੁੱਪੇ ਬੈਠੀ ਪੜ੍ਹ ਰਹੀ ਹੁੰਦੀ ਹੈ  ਕਿ ਫਿਰ ਇੱਕ  ਭੂੰਡ ਆ ਕੇ ਉਸਦੇ ਆਲੇ  ਦੁਆਲੇ ਘੁੰਮਣ ਲੱਗ ਜਾਂਦਾ ਹੈ ਅਤੇ ਥੋੜ੍ਹੇ ਸਮੇ ਬਾਅਦ ਭੂੰਡ ਗੁਰਨੀਰ  ਦੀ ਗੱਲ੍ਹ ਤੇ  ਲੜ ਜਾਂਦਾ ਹੈ। ਗੁਰਨੀਰ ਦਰਦ ਨਾਲ ਚਲਾਉਣਾ ਸ਼ੁਰੂ ਕਰ ਦਿੰਦੀ ਹੈ। ਉਸਨੂੰ ਦਰਦ ਨਾਲ ਚਲਾਉਂਦੀ  ਦੇਖ ਉਸਦੀ ਦਾਦੀ ਉਸਨੂੰ ਗੁੱਸੇ ਚ  ਕਹਿੰਦੀ ਹੈ ਕਿ ਤੈਨੂੰ ਕਿਹਾ ਸੀ ਨਾ ਮਾਰਦੇ। ਪਰ ਤੂੰ ਕਿੱਥੇ ਸੁਣੀ...? ਮੇਰੀ . .!

ਹੁਣ ਦੇਖ ਲਾ ਲੜ ਗਿਆ ਨਾ। ਮੂੰਹ ਸੁੱਜ ਚੱਲਾ ਤੇਰਾ ਭੜੋਲੇ ਵਾਂਗੂ।

ਇਵੇ ਹੀ ਸਾਡੀ ਜ਼ਿੰਦਗੀ ਚ ਕੁੱਝ ਲੋਕ ਹੁੰਦੇ ਹਨ। ਜਿਨ੍ਹਾਂ ਨੇ ਆਪਣੇ ਮਨ ਚ ਧਾਰਿਆ ਹੁੰਦਾ ਹੈ ਕਿ ਉਨ੍ਹਾਂ ਨੇ ਤੁਹਾਡੇ ਚ ਨੁਕਸ ਕੱਢਣਾ ਹੀ ਹੈ ਭਾਵੇ

ਤੁਸੀਂ ਕਿਸੇ ਵੀ ਕੰਮ ਨੂੰ ਜਿਨ੍ਹੇ ਮਰਜੀ ਵਧੀਆ  ਢੰਗ ਨਾਲ ਕਰ ਲੋ ਜਾਂ ਜਿਨ੍ਹੇ ਮਰਜੀ ਦੂਜਿਆਂ ਨੂੰ ਖੁਸ਼ ਰੱਖਣ ਦੀ ਕੋਸ਼ਿਸ਼ ਕਰੋ. ਇਸ ਲਈ ਹਮੇਸ਼ਾ ਆਪਣਾ ਕੰਮ ਵਧੀਆ ਤਰੀਕੇ ਨਾਲ ਕਰੋ। ਪਰ ਕਦੇ ਵੀ ਲੋਕਾਂ ਬਾਰੇ ਨਾ ਸੋਚੋ ਉਹ ਤੁਹਾਡੇ ਬਾਰੇ ਕੀ ਬੋਲਦੇ ਆ। ਕਿਸੇ ਦੀ ਵਜ੍ਹਾ ਕਰਕੇ ਆਪ ਦੁੱਖੀ ਨਾ ਹੋਵੋ। ਖੁਸ਼ ਰਹੋ। ਜ਼ਿੰਦਗੀ ਇੱਕ ਵਾਰ ਮਿਲਦੀ ਹੈ ਵਾਰ ਵਾਰ ਨਹੀਂ। ਜੇ ਤੁਹਾਡਾ ਕੋਈ ਸੁਪਨਾ ਹੈ ਤਾਂ ਉਸ ਨੂੰ ਪੂਰਾ ਕਰਨ ਲਈ ਮਿਹਨਤ ਕਰੋ। ਲੋਕਾਂ ਦਾ ਕੰਮ ਹੈ ਸੁਣਾਉਣਾ ਅਤੇ ਤੁਹਾਡਾ ਕਰਮ ਹੈ ਅਣਸੁਣਾ ਕਰ ਅੱਗੇ ਵੱਧਣਾ।

✿✿✿✿✿✿

# ਚਰਿੱਤਰਹੀਣ

ਦੀਪ, ਨੀਂ ਦੀਪ .... ਉੱਠ ਪੱਤ ਦੇਖ ਕਿੰਨਾ ਸੂਰਜ ਚੜ੍ਹ ਆਇਆ ....|| ਆਈ ਮਾਂ......ਦੀਪ ਬੈਡ ਤੇ ਬੈਠੀ ਅੱਖਾਂ ਮਲ਼ਦੀ ਹੋਈ ਕਹਿਦੀ ਹੈ| ਉੱਠ ਕੇ ਆਪਣਾ ਬੈਡ ਸੰਵਾਰ, ਓਹ ਬਾਹਰ ਆ ਜਾਂਦੀ ਹੈ, ਤੇ ਰਸੋਈ ਵਿਚੋਂ ਦੋ ਗਲਾਸਾਂ ਵਿਚ ਚਾਹ ਪਾ ਵਿਹੜੇ ਵਿਚ ਸਬਜ਼ੀ ਚੀਰਦੀ ਅਰਦਾਸ (ਦੀਪ ਦੀ ਮਾਂ ) ਕੋਲ਼ ਬੈਠ ਜਾਂਦੀ ਹੈ| ਮਾਂ.......! ਮੈਨੰ ਮਾਫ਼ ਕਰਦੇ......! ਦੀਪ ਮਾਯੂਸ ਹੋਈ ਚਾਹ ਫੜਾਉਂਦੀ ਅਰਦਾਸ ਨੂੰ ਕਹਿੰਦੀ ਹੈ......| ਅਰਦਾਸ ਉਸਤੋ ਚਾਹ ਫੜ ਕੇ ਥੱਲੇ ਰੱਖਦੀ ਪਿਆਰ ਨਾਲ਼ ਉਸਦਾ ਮੂੰਹ ਪਲ਼ੋਸਦੀ ਹੋਈ ਕਹਿੰਦੀ ਹੈ......ਕਿਸ ਗੱਲ ਦੀ ਮਾਫ਼ੀ ਪੁੱਤ .....!! ਮੈਨੂੰ ਗਰਵ ਆ ਤੇਰੇ ਤੇ...... ਜੋ ਗੱਲਾਂ ਮੈਂ ਕਦੇ ਆਪਣੀ ਅਵਾਜ਼ ਘੁੱਟ ਕੇ ਜਰੀਆਂ.....ਤੂੰ ਉਨ੍ਹਾਂ ਸਭ ਲਈ ਬੋਲ ਤਾਂ ਰਹੀ ਏ...ਨਾਲ਼ੇ ਇਹ ਦੁਨੀਆਂ ਤਾਂ ਰੱਬ ਦੀ ਨੀਂ ਹੋਈ ..... ਦੀਪ ਅੱਖਾਂ ਭਰ ਆਉਂਦੀ ਹੈ ਤੇ ਅਰਦਾਸ ਵੱਲ ਵੇਖਦੀ ਰਹਿੰਦੀ ਹੈ...| ਅਰਦਾਸ ਸਬਜ਼ੀ ਪਾਸੇ ਕਰ ਉਸਨੂੰ ਆਪਣੇ ਕਲਾਵੇ ਵਿੱਚ ਲੈਂਦੀ ਹੋਈ ਕਹਿੰਦੀ ਹੈ.....ਕਦੋਂ ਤੱਕ ਉਹਨਾਂ ਗੱਲਾਂ ਨੰ ਆਪਣੇ ਜਹਿਨ ਚ ਲਈ ਬੈਠੀ ਰਹੇਂਗੀ ਦੀਪ.....ਸਮਾਂ ਬਹੁਤ ਰਫ਼ਤਾਰ ਨਾਲ਼ ਚੱਲਦਾ ਏ......ਥੋੜ੍ਹਾ ਵੀ ਰੁਕੀ , ਤਾਂ ਬਹੁਤ ਕੁਝ ਪਿੱਛੇ ਛੁਟ ਜਾਣਾ......ਪਤਾ ਹੈ ਮੈਨੂੰ ਅਸਾਨ ਨਹੀਂ ਭੁਲਣਾ .....ਪਰ ਮੈਂ ਤੇਰੇ ਨਾਲ਼ ਆਂ ਨਾ....ਤੂੰ ਕਿਉਂ ਦੁਨੀਆਂ ਵੱਲ ਧਿਆਨ ਦਿੰਦੀ ਏ...ਕਿਉਂ ਓਹ ਫ਼ਜ਼ੂਲ ਗੱਲਾਂ ਦਿਮਾਗ਼ ਤੇ ਹਾਵੀ ਕਰੀ ਬੈਠੀ ਏ..... ਪਰ ਮੇਰੇ ਕਰਕੇ ਤੇਰੇ ਉੱਤੇ, ਤੇਰੀ

ਪਰਵਰਿਸ਼ ਉੱਤੇ ਵੀ ਕਿੰਨੇ ਸਵਾਲ ਚੁੱਕੇ ਗਏ .......ਦੀਪ ਰੋਂਦੀ ਹੋਈ ਕਿਸੇ ਬੱਚੇ ਵਾਂਗ ਅਰਦਾਸ ਦਾ ਹੱਥ ਘੁੱਟ ਕੇ ਫੜ ਰੋਣ ਲੱਗ ਜਾਂਦੀ ਹੈ.... ਅਰਦਾਸ ਉਸਨੂੰ ਆਪਣੇ ਕਲਾਵੇ ਵਿੱਚੋ ਛੱਡ ਦੀ ਹੋਈ ਉਸਦਾ ਮੂੰਹ ਆਪਣੇ ਹੱਥਾਂ ਵਿੱਚ ਲੈਕੇ ਉਸਦੇ ਅੱਥਰੂ ਪੂੰਝਦੀ ਹੈ ਅਤੇ ਕਹਿੰਦੀ ਹੈ ....ਇਹ ਸਿਰਫ ਇੱਕ ਵਾਰ ਨਹੀਂ ਹੋਇਆਂ ਦੀਪ......ਜਿਵੇਂ ਜਿਵੇਂ ਅੱਗੇ ਵਧੇਂਗੀ.....ਹੋਰ ਬਹੁਤ ਮੁਸੀਬਤਾਂ ਆਉਣਗੀਆਂ....ਇਹ ਦੁਨੀਆ ਕਿਸੇ ਨੂੰ ਅੱਗੇ ਵੱਧਦਾ ਨਹੀਂ ਦੇਖ ਸਕਦੀ। ਮੈਨੂੰ ਪਤਾ ਹੈ ਮੇਰੀ ਧੀ ਕਿੰਨੀ ਪਾਕ ਤੇ ਪਵਿੱਤਰ। ਤੂੰ ਇੱਕ ਦੋਸਤ ਹੋਣ ਦੇ ਨਾਤੇ ਉਸ ਮੁੰਡੇ ਦੀ ਮਦਦ ਕੀਤੀ ਪਰ ਜੇ ਉਸਨੇਤੇਰੀ ਦੋਸਤੀ ਨੂੰ ਪਿਆਰ ਦਾ ਨਾਮ ਦੇ ਕੇ ਤੈਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਇਸ ਚ ਤੇਰੀ ਕੀ ਗਲਤੀ..? ਨਾਲ਼ੇ ਤੇਰੇ ਸੁਫ਼ਨੇ ਇੰਨੇ ਵੱਡੇ ਨੇ ਕੀ ਇਹ ਸਭ ਚੀਜ਼ਾਂ ਸੋਚਣ ਲਈ ਤੇਰੇ ਕੋਲ ਸਮਾਂ ਨਹੀਂ ਏ.....ਤੇ ਬਾਕੀ ਰਹਿ ਮੇਰੀ ਗੱਲ....ਮੈਨੂੰ ਬਹੁਤ ਮਾਣ ਐ ਆਪਣੀ ਪਰਵਰਿਸ਼ ਤੇ.....ਉਂਝ ਤਾਂ ਤੂੰ ਕਹਿੰਦੀ ਰਹਿੰਦੀ ਹੈ ਕਿ ਮੇਰੀ ਮਾਂ ਮੇਰੀ ਦੁਨੀਆ ਆ.....ਹੁਣ ਫੇਰ....ਹੋਰ ਕਿਸੇ ਵੱਲ ਕਿਉ ਧਿਆਨ ਦਿੰਦੀ ਏਂ,ਤੇਰੀ ਦੁਨੀਆ ਤਾਂ ਤੇਰੇ ਨਾਲ ਆ ਨਾ...... ਨਾਲ਼ੇ"ਜੇ ਚਿੱਕੜ ਵਿੱਚ ਪੈਰ ਰੱਖਿਆਂ ਖ਼ੁਦ ਤੇ ਛਿੱਟੇ ਪੈਂਦੇ ਨੇ ਨਾ ,ਤਾਂ ਇਸ ਤੋਂ ਪਹਿਲਾਂ ਕਿ ਓਹ ਚਿੱਕੜ ਹੋਰ ਫੈਲੇ, ਉਸਨੂੰ ਸਾਫ਼ ਹੀ ਕਰ ਦੇਣਾ ਚਾਹੀਦਾ ਹੈ, ਤਾਂਕੀ,ਸਾਡੇ ਵਾਂਗ ਕਿਸੇ ਹੋਰ ਨਾਲ਼ ਇੰਝ ਨਾ ਹੋਵੇ....." ਅਰਦਾਸ ਦੀਪ ਦਾ ਬੁੱਕਲ ਵਿਚ ਲੈ ਕੇ ਉਸਦਾ ਸਿਰ ਪਲ਼ੋਸਦੀ ਹੈ ਤੇ ਉਸਨੂੰ ਕਹਿੰਦੀ ਹੈ....ਚੱਲ ਹੁਣ ਉੱਠ ਲੇਟ ਹੋ ਜਾਣਾ ਤੂੰ ....ਫੇਰ ਦੁਨੀਆਂ ਝਿੜਕਦੀ ਵੀ ਹੁੰਦੀ ਆ.....ਦੀਪ ਅੱਖਾਂ ਸਾਫ਼

ਕਰਦੀ ਹੱਸ ਪੈਂਦੀ ਹੈ ਤੇ...ਅਰਦਾਸ ਉੱਠਦੀ ਹੋਈ ਉਸਦੇ ਸਿਰ ਤੇ ਹਲਕਾ ਮਾਰਦੀ ਹੋਈ ਹੱਸ ਕੇ ਕਹਿੰਦੀ ਹੈ...." ਮੇਰੀ ਕਮਲ਼ੀ ਧੀ"....

ਇੱਕਦਮ ਦੀਪ ਦੀ ਨੀਂਦ ਖੁੱਲ ਜਾਂਦੀ ਹੈ ਤੇ ਆਪ ਮੁਹਾਰੇ ਉਸਦੇ ਚਿਹਰੇ ਤੇ ਮੁਸਕੁਰਾਹਟ ਆ ਜਾਂਦੀ ਹੈ...... ਅੱਖਾਂ ਵਿੱਚ ਚਮਕ ਤੇ ਇੱਕ ਨਵੇਂ ਜੋਸ਼ ਨਾਲ਼ ਓਹ ,ਆਪਣੀ ਮਾਂ ਨੂੰ ਫੋਨ ਮਿਲਾਉਂਦੀ ਹੈ ਤੇ ਕੁੱਝ ਦਿਲ ਦੀਆਂ ਗੱਲਾਂ ਸਾਂਝੀਆਂ ਕਰ ਉੱਠ ਕੇ ਇੱਕ ਨਵੇਂ ਦਿਨ ਲਈ ਤਿਆਰ ਹੋ ਜਾਂਦੀ ਹੈ,,,,,,,ਆਪਣੇ ਸੁਪਨਿਆਂ ਨੂੰ ਨਵੇਂ ਸਿਰਿਓ ਉਡਾਣ ਦੇਣ ਲਈ।

✿✿✿✿✿✿

# ਸਮਾਜ, ਅਣਖ ਤੇ ਇਜੱਤ

ਪਾਰਕ ਵਿੱਚ ਬੈਠੀ ਸਾਹਮਣੇ ਦੇਖਦੀ ਰਮਨ ਅੱਜ ਆਪਣੇ ਅਤੀਤ ਦੀਆਂ ਵਰਕਿਆਂ ਵਿੱਚ ਖੋਈ ਹੁੰਦੀ ਹੈ, ਸ਼ਾਇਦ ਆਸੇ ਪਾਸੇ ਦੀ ਵੀ ਉਸਨੂੰ ਕੋਈ ਸੁੱਧ ਨਹੀਂ ਹੁੰਦੀ .....ਸਹਿਜ ਨਸ਼ਾ ਛੁਡਾਊ ਕੇਂਦਰ ਵਿੱਚੋ ਘਰ ਆਉਣ ਤੋਂ ਬਾਅਦ ਅੱਜ ਆਪਣੇ ਘਰ ਆ ਗਿਆ ਸੀ ਤੇ ਛੱਤ ਤੇ ਬੈਠ ਕੇ ਆਪਣੀ ਭੈਣ ਨਾਲ਼ ਗੱਲਾਂ ਕਰ ਰਿਹਾ ਸੀ ।

ਰਮਨ : ਵੀਰੇ! ਵਧੀਆ ਕੀਤਾ ਤੂੰ ਘਰ ਆਗਿਆ , ਹੁਣ ਆਪਾਂ ਸਾਰੇ ਕੱਠੇ ਰਹਾਂਗੇ, ਨਾਲ਼ੇ ਅਸੀਂ ਹੁਣ ਤੈਨੂੰ ਕੁਝ ਵੀ ਗਲਤ ਨਹੀਂ ਕਰਨ ਦੇਣਾ ।ਸਹਿਜ ਅੱਖਾਂ ਭਰਦਾ ਹੋਇਆ : ਤੂੰ ਬਹੁਤ ਛੋਟੀ ਏ ਅਜੇ ਰਮਨ ਆਪਣੇ ਪਰਿਵਾਰਿਕ ਜੀਆ ਬਾਰੇ ਤੈਨੂੰ ਪਤਾ ਹੀ ਆ ..........

ਇਕਦਮ ਆਪਣੇ ਆਪ ਨੂੰ ਨੋਰਮਲ ਨੰ  ਕਰਦਾ ਹੋਇਆ ਹੱਸਕੇ ਰਮਨ ਦੇ ਸਿਰ ਤੇ ਹਲਕਾ ਜਿਹਾ ਹੱਥ ਮਾਰਦਾ ਹੋਇਆ ਕਹਿੰਦਾ ਹੈ....ਮੈਂ ਆਪਣੀਆਂ ਗੱਲਾਂ ਦਾ ਬੋਝ ਤੇਰੇ ਨਿਕੇ ਜਹੇ ਦਿਮਾਗ ਤੇ ਨਹੀਂ ਪਾਉਣਾ , ਤੂੰ ਬੱਸ ਮਸਤੀ ਕਰ ।ਰਮਨ ਖਿੱਝ ਕੇ ਮੂੰਹ ਬਣਾ ਲੈਂਦੀ ਹੈ ਤੇ ਚੇਚਲ ਜਾਂਦੀ ਹੈ....।

ਇਹ ਸਭ ਸ਼ਰਾਰਤਾਂ ਤੇ ਬਚਪਨ ਦੇ ਹਾਸੇ ਵਾਲੇ ਪਲ  ਯਾਦ ਕਰ ਆਪਣੇ ਆਪ ਹੀ ਸਹਿਜ ਦੇ ਚਿਹਰੇ ਤੇ ਇੱਕ  ਵੱਡੀ ਸਾਰੀ ਸਮਾਈਲ ਆ ਜਾਂਦੀ ਹੈ.....ਪਰ ਇਕਦਮ ਹੀ ਅਲਗ ਦ੍ਰਿਸ਼ ਉਸਦੀਆਂ ਅੱਖਾਂ ਸਾਹਮਣੇ ਘੁੰਮਣ ਲੱਗ ਜਾਂਦੇ ਹਨ

……।ਜਦ ਸਹਿਜ ਗਿੜਗਿੜਾ ਰਿਹਾ ਸੀ ਮਾਂ ਪਿਓ ਦੇ ਸਾਹਮਣੇ……ਰਮਨ ਤੇ ਸਹਿਜ ਦੀ ਮਾਂ ਸੁਖਵੀਰ ਕੌਰ ਜਦ ਪਹਿਲੇ ਬੱਚੇ ਦੀ ਮਾਂ ਬਣਨ ਵਾਲ਼ੀ ਸੀ ਤਾਂ ਸਹਿਜ ਦੀ ਨਾਨੀ ਨੇ  ਉਸਤੋਂ ਵਾਅਦਾ ਲੈਕੇ ਓਹਨਾਂ ਦਾ ਪਹਿਲਾ ਬੱਚਾ ਆਪਣੀ ਵੱਡੀਤੇ ਤੇ ਬੇਔਲਾਦ ਧੀ( ਰਮਨ ਦੀ ਮਾਸੀ )ਦੇ ਦਿੱਤਾ ਸੀ …..ਉਸਨੂੰ ਸ਼ਾਇਦ ਉਸਨੇ ਕਦੇ ਆਪਣਾ ਮੰਨਿਆਂ ਹੀ ਨਹੀਂ ਸੀ …

ਨਿਕੇ ਹੁੰਦੇ ਤੋਂ ਹੀ ਉਸਨਾਲ ਸਿਤੋਲੇ ਤੋਂ ਵੀ ਬੁਰਾ ਵਿਵਹਾਰ ਕੀਤਾ ਜਾਂਦਾ ਸੀ …ਸਹਿਜ ਦੇ ਉਸਦੀ ਮਾਸੀ ਦੇ ਘਰ ਜਾਂਦੇ ਹੀ ਸਾਲ

ਬਾਅਦ ਮਾਸੀ ਦੇ ਘਰ ਵੀ ਬੱਚਾ ਹੋਗਿਆ ਸੀ …. ਜਿਸ ਤੋਂ ਬਾਅਦ ਘਰ ਵਿੱਚ ਸਹਿਜ ਦੀ ਹਾਲਤ ਬਹੁਤ ਬੁਰੀ ਹੋ ਗਈ ਸੀ ……ਸਾਲ ਦੇ ਛੋਟੇ ਜਹੇ ਬੱਚੇ ਨੂੰ ਵਾਰ ਵਾਰ ਇਹ ਦੱਸਿਆ ਤੇ ਜਤਾਇਆ ਜਾਂਦਾ ਕਿ ਇਹ ਤੇਰਾ ਆਪਣਾ ਘਰ ਨਹੀਂ ਆ…ਸ਼ਾਇਦ ਮਾਂ ਪਿਓ ਦੇ ਹੁੰਦੇ ਹੋਏ ਵੀ ਓਹ ਬੇਸਹਾਰਾ ਸੀ …. ਜਦ ਕਿਤੇ ਵੀ ਸਹਿਜ ਆਪਣੀ ਭੈਣ ਤੇ ਆਪਣੇ ਮਾਂ ਪਿਓ ਨੂੰ ਮਿਲਦਾ ਤਾਂ ਆਪਣੇ ਸਾਰੇ ਦਰਦ ਭੁੱਲ ਜਾਂਦਾ ਸੀ …….ਇੰਝ ਹੀ ਸਾਲ ਬੀਤੇ….ਤੇ ਸਹਿਜ ਨਜ ਨਸ਼ੇ ਦਾ ਸਮਾਨ ਵੇਚਣ ਤੇ ਖਾਣ ਤੇ ਲਗਾ ਕੇ ਕਮਾਈ ਦਾ ਸਾਧਨ ਬਣਾ ਲਿਆ ਗਿਆ। ਝੂਠੇ ਦਿਖਾਵਿਆਂ ਲਈ ਕੁਝ ਸਾਲਾਂ ਬਾਅਦ ਉਸਨੂੰ ਨਸ਼ਾ ਛੁਡਾਊ ਕੇਂਦਰ ਵਿੱਚ ਭਰਤੀ ਕਰਵਾਇਆ ਗਿਆ ਜਿਥੋਂ ਕੋਰਸ ਪੂਰਾ ਕਰਕੇ ਓਹ ਸਿੱਧਾ ਆਪਣੇ ਅਸਲੀ ਘਰ ਗਿਆ ,ਜਿੱਥੇ ਉਸਦਾ ਪਰਿਵਾਰ ਰਹਿੰਦਾ ਸੀ …..ਪਤਾ ਨਹੀਂ ਕਿੰਨੀਆਂ ਉਮੀਦਾਂ ਤੇ ਚਾਅ ਲੈਕੇ ਓਹ ਓਸ ਘਰ ਗਿਆ ….ਕਿੰਨੀਆਂ ਹੀ ਗੱਲਾਂ

ਜੋ ਉਸਨੇ ਰਮਨ ਨਾਲ ਕੀਤੀਆਂ , ਆਪਣੇ ਸਾਰੇ ਦੁੱਖ ਦਰਦ , ਸਾਰੀਆਂ ਰੀਝਾਂ ਉਹਨਾਂ ਨੇ ਆਪਸ ਵਿੱਚ ਸਾਂਝੀਆਂ ਕੀਤੀਆਂ .......ਰਾਤ ਵੇਲ਼ੇ ਸਹਿਜ ਝਿਜਕਦਾ ਹੋਇਆਂ ਆਪਣੇ ਮਾਂ ਪਿਓ ਨੂੰ ਕਹਿੰਦਾ ਹੈ.... ਮੰਮੀ.....ਮੈਂ ਉਥੇ ਨਹੀਂ ਜਾਣਾ....ਓਹ ਆਪਣੀਆਂ ਸਾਰੀ ਹੱਡ ਬੀਤੀ ਉਹਨਾਂ ਨੂੰ ਸੁਣਾ ਦਿੰਦਾ ਹੈ ....ਉਸਦੇ ਪਾਪਾ ਗੁੱਸੇ ਚ ਕਹਿੰਦੇ ਨੇ,,,,, ਤੂੰ ਕਿਸੇ ਪਾਸੇ ਜੋਗਾ ਨਹੀਂ ਛਡਿਆ ਸਾਨੂੰ .....ਉਸਦੀ ਮਾਂ ਸਿਰ ਫੜ੍ਹ ਕੇ ਕਹਿੰਦੀ ਹੈ .....ਪਹਿਲਾਂ ਨਸ਼ਿਆਂ ਤੇ ਲੱਗ ਗਿਆ ਤੇ ਹੁਣ.....ਭੋਰਾ ਤਾਂ ਆਪਣੇ ਮਾਂ ਪਿਓ ਦੀ ਜੁਬਾਨ ...ਸਾਡੀ ਇੱਜ਼ਤ ਵਾਰੇ ਸੋਚ ਲੈ....

ਰਮਨ ਦੇ ਇਹ ਸਭ ਯਾਦ ਕਰਦੀ ਹੋਈ ਦੇ ਆਪ ਮੁਹਾਰੇ ਅੱਥਰੂ ਨਿਕਲਣ ਲੱਗ ਜਾਂਦੇ ਹਨ .....ਆਸ ਪਾਸ ਦੇ ਲੋਕ ਦੇਖ ਕੇ ਜਾ ਰਹੇ ਸਨ ਪਰ ਉਸਦੇ ਕੋਲ ਜਾਂ ਕੇ ਪੁੱਛਣ ਦੀ ਕਿਸੇ ਦੀ ਵੀ ਹਿੰਮਤ ਨਹੀਂ ਸੀ ਪੈ ਰਹੀ ....

ਰਮਨ ਨੂੰ ਹਰ ਓਹ ਪਲ ਯਾਦ ਆਉਣ ਲੱਗ ਜਾਂਦਾ ਹੈ ਜਦ ਸਹਿਜ , ਸਭ ਦੇ ਪੈਰੀ ਪੈ ਕੇ ਕਹਿ ਰਿਹਾ ਸੀ ,ਕਿ ਓਹਨਾਂ ਨੇ ਮੈਨੂੰ ਮਾਰ ਦੇਣਾ ਆ ਮੰਮੀ ਪਾਪਾ, ਮੈਂ ਮਰਨਾ ਨਹੀਂ ਚਾਹੁੰਦਾ ........ਪਰ ਉਸਦੇ ਘਰਦਿਆਂ ਨੇ ਆਪਣਾ ਫੈਂਸਲਾ ਸੁਣਾ ਦਿੱਤਾ ਸੀ ਉਸ ਪੂਰੀ ਰਾਤ ਰਮਨ ਤੇ ਸਹਿਜ ਦੋਵੇਂ ਰੋਂਦੇ ਰਹੇ.....ਪਰ ਜੁਬਾਨ ਤੇ ਅਣਖ਼ ਆਪਣੇ ਬੱਚਿਆਂ ਨਾਲੋਂ ਜਰੂਰੀ ਸਮਝੀ ਗਈ।

ਆਖਿਰ ਵਾਰ ਜਾਂਦਾ ਹੋਇਆ ਸਹਿਜ ਰਮਨ ਨੂੰ ਮਿਲਿਆ ਤਾਂ ਓਹ ਇਹਸਾਸ ਯਾਦ ਕਰਕੇ ਰਮਨ ਉੱਚੀ ਉੱਚੀ ਰੋਣ ਲੱਗ ਜਾਂਦੀ ਹੈ.....ਉਸਦੀਆਂ ਅੱਖਾਂ

ਸਾਹਮਣੇ ਓਹ ਦ੍ਰਿਸ਼ ਘੁੰਮਣ ਲੱਗ ਜਾਂਦਾ ਹੈ ਜਦੋ ਆਖਰੀ ਵਾਰ ਉਸਨੇ ਆਪਣੇ ਭਰਾ ਦੀ ਅਰਥੀ ਵੇਖੀ ਸੀ .....ਨਾਲ ਹੀ ਓਹ ਦ੍ਰਿਸ਼ ਚੇਤੇ ਆ ਜਾਂਦੇ ਹਨ ਜਦ ਸਹਿਜ ਦੀ ਮੌਤ ਤੋਂ ਬਾਅਦ ਵੀ ਉਸਦੇ ਮਾਂ ਪਿਓ ਕਹਿ ਰਹੇ ਸਨ ਇਥੇ ਆ ਕੇ ਰਹਿਣ ਨਾਲੋਂ ਚੰਗਾ ਹੋਇਆ ਮਰ ਗਿਆ , ਸਾਡੀ ਅਣਖ ਤੇ ਤਾਂ ਨਹੀਂ ਕੋਈ ਗੱਲ ਆਈ ਰਮਨ ਉੱਚੀ ਉੱਚੀ ਰੋਂਦੀ ਹੋਈ ਕਹਿਣ ਲੱਗ ਜਾਂਦੀ ਹੈ...ਮੈਨੂੰ ਮਾਫ ਕਰਦੇ ਵੀਰੇ ....ਮੈਂ ਤੇਰੇ ਲਈ ਕੁਝ ਨੀਂ ਕਰ ਸਕੀ.....ਤੇ ਆਪਣੇ ਆਪ ਨੂੰ ਮਾਰਨ ਲੱਗ ਜਾਂਦੀ ਹੈ.....ਕੁਝ ਨਹੀਂ ਕਰ ਸਕੀ ਮੈਂ। ਇਕਦਮ ਮੀਹ ਪੈਣਾ ਸ਼ੁਰੂ ਹੋ ਜਾਂਦਾ ਹੈ ਜਿਵੇ ਹੈ ਅੱਜ ਰੱਬ ਵੀ ਉਸਦਾ ਸਹਾਰਾ ਬਣਨਾ ਚਾਹੁੰਦਾ ਹੋਵੇ..ਰੋਂਦੀ ਹੋਈ ਕਹਿੰਦੀ ਹੈ......ਕਿਹੜੀ ਗੱਲ ਦੀ ਉਮੀਦ ਰੱਖਾਂ ਤੁਹਾਡੇ ਤੋਂ ਮੰਮੀ . ਪਾਪਾ ..... ਮਾਰਤਾ ਤੁਸੀਂ ਵੀਰੇ ਨੂੰ ....ਬੱਸ ਤੁਹਾਡੀ ਝੂਠੀ ਅਣਖ ,ਜੁਬਾਨ , ਇੱਜ਼ਤ ਜਾਨ ਲੈਗੀ ਓਹਦੀ, ਜਿਨ੍ਹੇ ਜਿੰਮੇਵਾਰ ਓਹ ਦੋਵੇਂ ਨੇ ਨਾ ਓਹਦੀ ਮੌਤ ਲਈ , ਉਸ ਤੋਂ ਸੌਂ ਗੁਣਾਂ ਵੱਧ ਤੁਸੀਂ ਜਿੰਮੇਵਾਰ ਓ..... ਰਮਨ ਧਰਤੀ ਤੇ ਗੋਡਿਆਂ ਭਾਰ ਬੈਠ ਜਾਂਦੀ ਹੈ ਤੇ ਉੱਚੀ ਉੱਚੀ ਰੋਣ ਲੱਗ ਜਾਂਦੀ ਹੈ.... ਕਹਿੰਦੀ ਹੈ ਕੁੱਝ ਨਹੀਂ ਕਰ ਸਕੀ ਮੈਂ ਕੁੱਝ ਨਹੀਂ............।ਅਚਾਨਕ ਕੁੱਝ ਲੋਕ ਆਉਂਦੇ ਹਨ ਤੇ ਉਸਨੂੰ ਖਤਮ ਕਰਕੇ ਹੌਸਪੀਟਲ ਲੈ ਜਾਂਦੇ ਹਨ।

ਕਈ ਵਾਰ ਅਣਖ ਇੱਜ਼ਤ ਤੇ ਝੂਠੀ ਸ਼ਾਨ ਤੋਂ ਜਿਆਦਾ ਵੱਡੀ ਕਿਸੇ ਦੀ ਜ਼ਿੰਦਗੀ ਹੁੰਦੀ ਹੈ ਪਤ ਆਪਣੇ ਗੁਰੂਰ ਚ ਇੰਨ੍ਹੇ ਮਗਰੂਰ ਨਾ ਹੋਵੇ ਕਿ ਬਾਅਦ ਚ ਪਛਤਾਉਣ ਤੋਂ ਸਿਵਾਏ ਕੁੱਝ ਵੀ ਪੱਲੇ ਨਾ ਰਹੇ। ਪਰ ਇੱਦਾ ਦੇ ਲੋਕ ਪਛਤਾਉਂਦੇ

ਵੀ ਨਹੀਂ। ਖੈਰ ਸਮਾਂ ਬਹੁਤ ਬਲਵਾਨ ਹੈ ਹਰ ਪਲ ਧਿਆਨ ਰੱਖੋ ਕਿ ਤੁਹਾਡੇ ਕਹੇ ਸ਼ਬਦ ਤੋਂ ਸਮਾਜ ਜਿਆਦਾ ਜਰੂਰੀ ਹੈ ਜਾਂ ਕਿਸੇ ਦੀ ਜ਼ਿੰਦਗੀ।

✿✿✿✿✿✿

# ਪੱਥਰ ਦਿਲ

ਗੁਰੂ ਘਰ ਮੱਥਾ ਟੇਕ ਕੇ ਸਿਰ ਝੁਕਾਉਂਦੇ ਹੋਏ ਦਿਲਸ਼ਾਨ ਦੀਆਂ ਅੱਖਾਂ ਵਿੱਚੋ ਬੇਪਰਵਾਹ ਹੋ ਕੇ ਅੱਥਰੂ ਡਿਗਣ ਲਗਦੇ ਹੈ ਤਾਂ ਉਸਨੂੰ ਸਮਾਜ ਦੀ ਫੋਲੋਸਫੀ ਯਾਦ ਆਉਂਦੀ ਹੈ ਕਿ ਮੁੰਡੇ ਕਦੇ ਰੋ ਨਹੀਂ ਸਕਦੇ। ਆਪਣੇ ਆਪ ਨੂੰ ਸੰਭਾਲ ਕੇ ਉਹ ਇਸ ਦਰਦ ਨੂੰ ਆਪਣੇ ਰੂਹ ਦੇ ਕਿਸੇ ਕੋਨੇ ਵਿੱਚ ਦਬਾ ਲੈਂਦਾ ਹੈ ਤੇ ਮੱਥਾ ਟੇਕ ਕੇ ਬਾਹਰ ਵੱਲ ਤੁਰ ਪੈਂਦਾ ਹੈ।

ਕਾਲਜ ਜਾਂਦਾ ਹੈ ਤਾਂ ਓਥੇ ਸਭ ਉਸਨੂੰ ਉਪਰੀਆਂ ਨਜਰਾਂ ਨਾਲ ਵੇਖ ਰਹੇ ਹੁੰਦੇ ਹਨ........ ਸਭ ਨੂੰ ਇਗਨੋਰ ਮਾਰ ਉਹ ਕੈਂਟੀਨ ਵਿੱਚ ਜਾ ਕੇ ਬਹਿ ਜਾਂਦਾ ਹੈ ਤੇ ਉਸਦੇ ਮਨ ਵਿੱਚ ਰੀਲ ਘੁੰਮਣ ਲੱਗ ਜਾਂਦੀ ਹੈ ਕਿ ਕਿੰਨੇ ਹਾਸਿਆਂ, ਰੋਸਿਆਂ ਤੇ ਸ਼ਰਾਰਤਾਂ ਸੀ ਜੋ ਉਸਨੇ ਕਦੇ ਪ੍ਰੀਤ ਨਾਲ ਮਾਣੇ ਸੀ....ਉਹ ਯਾਦ ਕਰਨ ਲੱਗ ਜਾਂਦਾ ਹੈ ਹਰ ਉਹ ਵਾਆਦੇ ਜੋ ਉਮਰ ਭਰ ਨਾਲ ਚਲਣ ਲਈ ਦੋਵਾਂ ਨੇ ਇਕੱਠਿਆ ਕੀਤੇ ਸੀ.........ਪਰ ਅੱਜ ਓਹੀ ਪ੍ਰੀਤ ਅੱਧ ਵਾਟੇ ਉਸਦਾ ਸਾਥ ਛੱਡ ਗਈ ਸੀ ਪਰ ਸਿਰਫ ਇਨ੍ਹਾਂ ਹੀ ਨਹੀਂ....... ਇਲਜਾਮ ਵੀ ਤਾਂ ਉਸਤੇ ਲੱਗੇ ਸੀ......ਪ੍ਰੀਤ ਦਾ ਜਿਸਮ ਹੰਢਾ ਕੇ ਉਸਨੂੰ ਛੱਡ ਦੇਣ ਦੇ ਤੇ ਉਸਨੇ ਵੀ ਪ੍ਰੀਤ ਦੀ ਇੱਜ਼ਤ ਬਚਾਉਣ ਲਈ ਸਭ ਆਪਣੇ ਉੱਪਰ ਲੈ ਲਿਆ ਸੀ.......। ਵੇਖ ਤਾਂ ਨੀ......ਇਨ੍ਹਾਂ ਨੂੰ ਭੋਰਾ ਸ਼ਰਮ ਨਹੀਂ ਆਉਂਦੀ......। ਕਿਸੇ ਕੁੜੀ ਨਾਲ ਇੱਦਾ ਕਰਦਿਆਂ,,,, ਇਹ ਮਰਦ ਜਾਤ ਹੈ...ਇਹ ਹੁੰਦੀ ਹੀ ਇੱਦਾ ਦੀ ਹੈ। ਵਿਆਹ

ਕਰਵਾਉਣ ਮੌਕੇ ਬਦਲ ਗਿਆ ਹੋਣਾ। ਹੁਣ ਕੁੜੀ ਨੇ ਤਾਂ ਆਪਣੇ ਘਰਦਿਆਂ ਦੀ ਰੱਖਣੀ ਹੀ ਸੀ। ਦੋ ਕੁੜੀਆਂ ਦੇ ਆਪਸ ਵਿੱਚ ਗੱਲਾਂ ਕਰਦੀਆਂ ਦੇ ਬੋਲ ਦਿਲਸ਼ਾਨ ਦੀ ਸੋਚਾਂ ਦੀ ਲੜੀ ਨੂੰ ਤੋੜ ਦਿੰਦੇ ਹਨ ਤੇ ਮਨੋ ਮਨੀ ਸੋਚਣ ਲੱਗ ਜਾਂਦਾ ਹੈ...ਹੁਣ ਕਿਓਂ ਡੋਲਦਾ ਏ ਦਿਲਸ਼ਾਨ ਸਿਆਂ... ਪਿਆਰ ਕੀਤਾ ਸੀ ਨਾ... । ਇਹੀ ਹਾਲ ਹੁੰਦਾ ਹੈ ਨਿਭਾਉਣ ਵਾਲਿਆਂ ਦੇ,,,,,,,,,,, ਤੇ ਪ੍ਰੀਤ ਵਾਰੇ ਸੋਚਦਾ ਕਹਿੰਦਾ ਹੈ..... ਬੱਸ ਜਿਸ ਨਾਲ ਵੀ ਰਹੇ ਖੁਸ਼ ਰਹਿ ਪੁੱਤ,,,,,, ਤੇਰੇ ਤੇ ਆਂਚ ਵੀ ਨਹੀਂ ਆਉਣ ਦਿੰਦਾ ਮੈਂ।ਇਹ ਸਭ ਸੋਚਾਂ ਨੂੰ ਛੱਡ ਕੇ ਉਹ ਉੱਠ ਖੜ੍ਹਾ ਹੁੰਦਾ ਹੈ ਤੇ ਲੈਕਚਰ ਲਗਾ ਕੇ ਕਾਲਜ ਤੋਂ ਬਾਹਰ ਜਾ ਕੇ ਕਿਸੇ ਕੈਫੇ ਵਿੱਚ ਬੈਠ ਜਾਂਦਾ ਹੈ। ਉਸੇ ਹੀ ਕੈਫੇ ਚ ਪ੍ਰੀਤ ਨੂੰ ਆਪਣੇ ਮਗੇਤਰ ਨਾਲ ਸਾਹਮਣੇ ਹੱਥਾਂ ਚ ਹੱਥ ਪਾਈ ਬੈਠੀ ਨੂੰ ਭੂਰੀਆਂ ਅੱਖਾਂ ਨਾਲ ਵੇਖਦਾ ਰਹਿ ਜਾਂਦਾ ਹੈ।

ਉਸਦੇ ਦਿਲ ਤੇ ਦਿਮਾਗ ਦੀ ਜੰਗ ਸ਼ੁਰੂ ਹੋ ਜਾਂਦੀ ਹੈ ਤੇ ਸੋਚਦਾ ਹੈ ਯਾਰ!ਇਸ ਲਈ ਤੂੰ ਸਭ ਸਹਿ ਰਿਹਾ ਏ ਤੇ ਇਸਨੂੰ ਭੋਰਾ ਫਰਕ ਵੀ ਨਹੀਂ। ਫਿਰ ਆਪਣੀ ਹੀ ਗੱਲ ਦਾ ਜਵਾਬ ਸੋਚਦਾ ਹੈ ਕਿ ਮੈਂ ਫਾਇਦਿਆਂ ਲਈ ਥੋੜੀ ਲਾਈ ਸੀ ਯਾਰ...!

ਓਹਨੂੰ ਕਿਸੇ ਹੋਰ ਨਾਲ ਵੇਖਣ ਨਾਲੋਂ ਚੰਗਾ ਤਾਂ ਹੁਣ ਮੈਂ ਮਰ ਜਾਵਾ........ ਦਿਲ ਤਾਂ ਕਰਦਾ ਏ ਚੀਕ ਚੀਕ ਕੇ ਰੋਵਾਂ ਤੇ ਮਨ ਵਿੱਚ ਉਪਜ ਰਹੀ ਹਰ ਗੱਲ ਬੋਲ ਦੇਵਾਂ। ਪਰ ਕੀ ਕਰਾ ਮੈਂ ਮੁੰਡਾ ਆ ਨਾ....... ਰੋ ਨਹੀਂ ਸਕਦਾ।ਤੂੰ ਪਾਗਲ ਆ ਦਿਲਾ ਘਰੇ ਮਾਂ ਤੇ ਭੈਣ ਤੇ ਪਾਪਾ ਤੈਨੂੰ ਕਿੰਨਾ ਪਿਆਰ ਕਰਦੇ ਨੇ,,,,,, ਉਨ੍ਹਾਂ ਵਾਰੇ ਤਾਂ ਸੋਚ.......... ਕੁੱਝ ਨਹੀਂ ਸੋਚੇਂਗਾ ਉਨ੍ਹਾਂ ਬਾਰੇ।ਪਰ ਦਿਲਸ਼ਾਨ ਅੱਜ ਆਪਣੇ ਦਿਲ ਦਿਮਾਗ ਦੀ ਉਲਝਣ ਨਾਲ ਲੜ ਰਿਹਾ ਹੁੰਦਾ ਹੈ ਕਿ ਉਸਨੂੰ ਪ੍ਰੀਤ ਵੱਲ ਵੇਖਦਿਆਂ ਪ੍ਰੀਤ ਨਾਲ ਬੈਠਾ ਮੁੰਡਾ ਨੋਟਿਸ ਕਰ ਲੈਂਦਾ ਹੈ ਤੇ ਔਖੀ ਜਹੀ ਆਵਾਜ਼ ਚ ਕਹਿੰਦਾ ਹੈ........ ਓ ਬਾਈ ਕੀ ਝਾਕ ਰਿਹਾ ਹੈ।

ਪ੍ਰੀਤ ਦਾ ਰੰਗ ਦਿਲਸ਼ਾਨ ਨੂੰ ਦੇਖ ਉੱਡ ਜਾਂਦਾ ਹੈ। ਪਰ ਦਿਲਸ਼ਾਨ ਇੱਕਦਮ ਖੜ੍ਹਾ ਹੋ ਜਾਂਦਾ ਹੈ ਤੇ ਕਹਿੰਦਾ ਹੈ......ਕੁੱਝ ਨਹੀਂ ਵੀਰ। ਮਾਫ ਕਰੀ ਮੈਨੂੰ ਕਿਸੇ ਦਾ ਭੁਲੇਖਾ ਪੈ ਗਿਆ ਸੀ। ਇਹ ਕਹਿ ਦਿਲਸ਼ਾਨ ਓਥੋਂ ਨਿੱਕਲ ਕੇ ਘਰ ਚਲਾ ਜਾਂਦਾ ਹੈ।ਉਹ ਆਪਣੇ ਕਮਰੇ ਚ ਬੈਠਾ ਫੋਨ ਵਿੱਚ ਪਈ ਪ੍ਰੀਤ ਦੀ ਫੋਟੋ ਵੇਖੀ ਜਾਂਦਾ ਹੈ ਤੇ ਸੋਚਦਾ ਹੋਇਆਂ ਡਲੀਟ ਕਰ ਦਿੰਦਾ ਹੈ ਕੇ ਉਹ ਹੁਣ ਕਿਸੇ ਹੋਰ ਦੀ ਅਮਾਨਤ ਹੈ। ਕੁੱਝ ਦੇਰ ਬਾਅਦ ਹਲਕੇ ਕਦਮਾਂ ਨਾਲ ਉਸਦੀ ਮਾਂ ਕਮਰੇ ਵਿੱਚ ਆ ਜਾਂਦੀ ਹੈ ਤੇ ਕਹਿੰਦੀ ਹੈ.......ਸ਼ਾਨ..! ਕਿ ਹੋਇਆਂ..? ਮੇਰੇ ਪੁੱਤ ਨੂੰ।

ਦਿਲਸ਼ਾਨ ਤੋਂ ਆਪਣਾ ਆਪ ਸੰਭਾਲਿਆਂ ਨਹੀਂ ਜਾਂਦਾ ਤੇ ਮਲੋਮੱਲੀ ਉਸਦੀਆ ਅੱਖਾਂ ਵਿੱਚੋ ਹੰਝੂ ਵਹਿਣ ਲੱਗ ਜਾਂਦੇ ਹਾਂ ਤੇ ਉਹ ਰਾਉਂਦਾ ਹੀ ਬੈਡ ਤੇ ਬੈਠਾ ਕਿਸੇ ਅਨਭੋਲ

ਬੱਚੇ ਵਾਂਗ ਮਾਂ ਨਾਲ ਲਿਪਟ ਕੇ ਕਹਿਣ ਲੱਗ ਜਾਂਦਾ ਹੈ।ਮੈਂ ਮਜਬੂਤ ਨਹੀਂ ਆ ਮਾਂ..... ਮੈਨੂੰ ਮਾਫ ਕਰਦੋ..... ਮੈਂ ਤੇਰਾ ਬੀਬਾ ਪੁੱਤ ਨਹੀਂ ਬਣ ਸਕਿਆ। ਮੈਂ ਹਰ ਸੱਟ ਹਰ ਚੀਜ ਜਰ ਲਈ..... ਹੋਰ ਨਹੀਂ ਜਰ ਹੁੰਦਾ। ਮੈਨੂੰ ਆਪਣੇ ਹੱਥੀ ਮਾਰ ਦੇ ਮਾਂ। ਨਹੀਂ...!ਉਸਦੀ ਹਾਲਾਤ ਵੇਖ ਉਸਦੀ ਮਾਂ ਵੀ ਰੋਣ ਲੱਗ ਜਾਂਦੀ ਹੈ ਤੇ ਕੁੱਝ ਸਮੇ ਬਾਅਦ ਬੈਡ ਤੇ ਬੈਠੀ ਹੋਈ ਉਸਦਾ ਸਿਰ ਆਪਣੀ ਗੋਦ ਵਿੱਚ ਰੱਖ ਲੈਂਦੀ ਹੈ....... ਦਿਲਸ਼ਾਨ ਆਪਣੇ ਹੰਝੂ ਪੂੰਝਣ ਲੱਗਦਾ ਹੈ ਤਾਂ ਓਹਦੀ ਮਾਂ ਉਸਦੇ ਹੱਥ ਫੜ ਕੇ ਰੋਕ ਲੈਂਦੀ ਹੈ ਤੇ ਕਹਿੰਦੀ ਹੈ......ਮੇਰੇ ਲਈ ਅੱਜ ਵੀ ਤੂੰ ਉਹ ਨਿੱਕਾ ਜਿਹਾ ਸ਼ਾਨ ਏ ਪੁੱਤ......ਜੋ ਕੋਈ ਚੀਜ ਟੁੱਟਣ ਤੇ ਮੇਰੇ ਕੋਲ ਆ ਕੇ ਰਾਉਣ ਲੱਗ ਜਾਂਦਾ ਸੀ।ਫਿਰ ਕਿ ਹੋਇਆਂ ਮੈਂ ਜਾਤਾਉਣਾ ਛੱਡ ਦਿੱਤਾ। ਮੈਂ ਤੇਰੀ ਦੁਸ਼ਮਣ ਨਹੀਂ ਆ....... ਨਾ ਤੈਨੂੰ ਇਨ੍ਹਾਂ ਦੁੱਖੀ ਦੇਖ ਸਕਦੀ ਆ। ਬੱਸ ਹਾਲਾਤਾਂ ਨੇ ਮੈਨੂੰ ਪੱਥਰ ਬਣਾ ਦਿੱਤਾ ਮੇਰੇ ਬੱਚੇ।

ਦਿਲਸ਼ਾਨ ਥੋੜ੍ਹਾ ਸੰਭਲ ਮੈਂ ਕਹਿੰਦਾ ਹੈ....ਮਾਂ ਤੈਨੂੰ ਯਾਦ ਏ ਜਦ ਮੈਂ ਨਿੱਕਾ ਹੁੰਦਾ ਸੀ। ਕੋਈ ਚੀਜ ਟੁੱਟ ਜਾਂਦੀ ਸੀ ਤਾਂ ਤੂੰ ਉਸਨੂੰ ਜੋੜ ਦਿੰਦੀ ਸੀ ਤੇ ਫਿਰ ਤੋਂ ਉਸ ਵੱਲ ਮੂੰਹ ਘੁਮਾ ਕੇ ਉਸਦੀ ਗੋਦ ਵਿੱਚ ਸਿਰ ਰੱਖ ਕੇ ਉੱਚੀ ਉੱਚੀ ਰੋਣ ਲੱਗ ਜਾਂਦਾ ਜਾਈ ਤੇ ਕਹਿੰਦਾ ਹੈ ਮੈਨੂੰ ਫਿਰ ਜੋੜ ਦੇ ਮਾਂ..... ਮੈਂ ਤੇਰਾ ਸ਼ੇਰ ਪੁੱਤ ਬਣਨਾ ਚਾਹੁੰਦਾ ਆ... ਮੈਨੂੰ ਪਤਾ ਮੈਂ ਰੋ ਨਹੀਂ ਸਕਦਾ......ਮੈਨੂੰ ਮਾਫ ਕਰ ਦੇ ਹਰ ਚੀਜ ਲਈ।

ਉਸਦੀ ਮਾਂ ਉਸਦਾ ਚਿਹਰਾ ਆਪਣੇ ਹੱਥਾਂ ਵਿੱਚ ਲੈਂਦੀ ਹੋਈ ਉਸਦਾ ਮੂੰਹ ਸਾਫ ਕਰਦੀ ਹੋਈ ਕਹਿੰਦੀ ਹੈ.......ਬੱਸ ਮੇਰਾ ਪੁੱਤ......ਇਸ ਦੁਨੀਆ ਭੈੜੀ ਨੂੰ ਕਦਰ ਨਹੀਂ ਮੇਰੇ ਸੋਹਣੇ ਦੀ.....ਤੂੰ ਮੇਰੇ ਵੱਲ ਵੇਖਿਆ ਕਰ ......ਆਪਾਂ ਵੇਖੀ ਇਸ ਦੁਨੀਆ ਦੇ ਮੂੰਹ ਬੰਦ ਕਰਾਉਣੇ ਨੇ। ਮੈਂ ਹਮੇਸ਼ਾ ਤੇਰੇ ਨਾਲ ਆ ਪੁੱਤ..........ਤੇਰੇ ਮਨ ਚ ਕੋਈ ਖੋਟ ਨਹੀਂ ਮੈਨੂੰ ਪਤਾ ਆ। ਅਸੀਂ ਦੁਨੀਆ ਤੋਂ ਕੁੱਝ ਨਹੀਂ ਲੈਣਾ..... ਨਸਲ ਵਾਧੇ ਘਾਟੇ ਚਲਦੇ ਰਹਿੰਦੇ ਆ.... ਜਦੋਂ ਵੀ ਕੋਈ ਗੱਲ ਹੋਵੇ ਮੇਰੀ ਗੋਦੀ ਚ ਸਿਰ ਰੱਖ ਰੋ ਲਿਆ ਕਰ। ਚੱਲ ਹੁਣ ਕੁੱਝ ਘੜੀ ਅਰਾਮ ਕਰ ਲੈ।ਦਿਲਸ਼ਾਨ ਬਿਲਕੁਲ ਕਿਸੇ ਨਿਕੇ ਬੱਚੇ ਵਾਂਗ ਮਾਸੂਮ ਚਿਹਤਾ ਬਣਾ ਕੇ ਘੁੱਟ ਕੇ ਆਪਣੀ ਮਾਂ ਦਾ ਹੱਥ ਫੜ ਲੈਂਦਾ ਹੈ ਤੇ ਉਸਦੀ ਗੋਦ ਵਿੱਚ ਸੌਂ ਜਾਂਦਾ ਹੈ।

## ✿✿ ਸਮਾਪਤ ✿✿

**Instagram Taqdir_kaur_bajwa & aman.jsl**

**E-mail ID : Taqdirkaur75@gmail.com**

**akjdeep07@gmail.com**, **deepamankk007@gmail.com**

**www.punjabilibrary.com**